

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL -10 ISSUE - 44
Febuary 9, 2022

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਸ੍ਰੀ ਗੁਰੂ ਰਵਿਦਾਸ ਜੀ ਦਾ 645ਵਾਂ ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 18, 19, 20 ਫਰਵਰੀ ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। *ਹੋਰ ਜਾਣਕਾਰੀ ਲਈ ਸਬੰਧਤ ਇਸ਼ਤਿਹਾਰ ਦੇਖੋ ਸਫਾ 2 'ਤੋਂ।*

(ਸਬੰਧਤ ਰਿਪੋਰਟ ਸਫ਼ਾ 7 ਤੇ)



**ਮੋਜੂਦਾ ਮੁੱਖ ਮੰਤਰੀ ਸ.ਚਰਨਜੀਤ ਸਿੰਘ ਚੰਨੀ ਵਿਧਾਨ ਸਭਾ 2022 ਚੋਣਾਂ ਲਈ ਕਾਂਗਰਸ ਪਾਰਟੀ ਦੇ ਮੁੱਖ ਮੰਤਰੀ ਚਿਹਰਾ ਬਣਾਏ ਗਏ**

# ਹਰ ਬੂਥ ਨੂੰ ਜਤਾਉਣਾ ਹੈ ਗਠਬੰਧਨ ਦਾ ਰਾਜ ਲਿਆਉਣਾ ਹੈ:-ਮਾਇਆਵਤੀ

## ਨਵਾਂਸ਼ਹਿਰ ਚ ਉਮੜਿਆ ਵਰਕਰਾਂ, ਸਮਰਥਕਾਂ ਦਾ ਜਨ ਸੈਲਾਬ

## ਪੰਜਾਬ ਦੇ ਦਲਿਤ ਗੁਰੂ ਰਵਿਦਾਸ ਦੀ ਸ਼ਕਤੀ ਦਾ ਚੰਨੀ ਨੂੰ ਅਹਿਸਾਸ ਕਰਵਾਉਣਗੇ

**ਸੰਤੋਖ ਸਿੰਘ ਜੱਸੀ**
**ਦੀ ਨਵਾਸ਼ਹਿਰ ਤੋਂ ਵਿਸ਼ੇਸ਼ ਰਿਪੋਰਟ**

ਨਵਾਸ਼ਹਿਰ:- ਬਹੁਜਨ ਸਮਾਜ ਪਾਰਟੀ ਅਤੇ ਸ੍ਰੋਮਣੀ ਅਕਾਲੀ ਦਲ ਗਠਬੰਧਨ ਵਲੋਂ ਸਥਾਨਕ ਨਵਾਸ਼ਹਿਰ ਦੀ ਦਾਣਾ ਮੰਡੀ ਵਿਖੇ ਵਿਸ਼ਾਲ ਪਹਿਲੀ ਜਨ ਚੇਤਨਾ ਰੈਲੀ ਕੀਤੀ ਗਈ। ਜਿਸ ਦੇ ਮੁੱਖ ਗਈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੇ ਸਪੂਤ ਸਾਹਿਬ ਸ੍ਰੀ ਕਾਂਸ਼ੀ ਰਾਮ ਬਾਨੀ ਪ੍ਰਧਾਨ ਬਹੁਜਨ ਸਮਾਜ ਪਾਰਟੀ ਦੇ ਦਿਹਾਂਤ ਤੇ ਉਸ ਵੇਲੇ ਦੀ ਕਾਂਗਰਸ ਸਰਕਾਰ ਵਲੋਂ ਰਾਸ਼ਟਰੀ ਸੋਗ ਦਾ ਐਲਾਨ ਵੀ ਨਹੀਂ ਕੀਤਾ ਗਿਆ। ਇਥੋ ਤੱਕ ਕਿ ਭਾਰਤੀ ਸੰਵਿਧਾਨ ਦੇ ਨਿਰਮਾਤਾ ਹੈ। ਦੇਸ਼ ਦੇ ਕਿਸਾਨ ਭਾਜਪਾ ਤੋਂ ਬਹੁਤ ਪ੍ਰੇਸ਼ਾਨ ਹਨ ਅਤੇ ਆਪਣੇ ਭਵਿੱਖ ਲਈ ਚਿੰਤਤ ਹਨ। ਉਨ੍ਹਾਂ ਸ. ਚੰਨੀ ਤੇ ਟਿੱਪਣੀ ਕਰਦਿਆ ਕਿਹਾ ਕਿ ਉਨ੍ਹਾਂ ਨੂੰ ਮੁੱਖ ਮੰਤਰੀ ਦਾ ਉਮਦੀਵਾਰ ਐਲਾਨੇ ਜਾਣ ਤੇ ਸਰਧਾ ਵਜੋਂ ਇੱਕ ਸਥਾਨ ਤੇ ਜਾਣ ਤੋਂ ਕੋਈ ਇਤਰਾਜ ਨਹੀਂ ਪਰ ਉਨ੍ਹਾਂ ਨੂੰ ਹੈ। ਉਨ੍ਹਾਂ ਪੰਜਾਬ ਦੇ ਵਰਕਰਾ ਦਾ ਜੋਸ਼ ਤੇ ਗੰਭੀਰਤਾ ਦੇਖਦੇ ਹੋਏ ਕਿਹਾ ਕਿ ਲੋਕ ਪਰੀਵਰਤਨ ਚਾਹੁੰਦੇ ਹਨ ਅਤੇ ਉਨ੍ਹਾਂ ਵਰਕਰਾ ਵਲੋਂ ਉਨ੍ਹਾਂ ਦੇ ਵਿਚਾਰਾ ਨੂੰ ਸਮਝਣ, ਸ਼ਾਂਤੀ ਨਾਲ ਸੁਣਨ ਦੀ ਤਾਰੀਫ ਕਰਦਿਆ ਕਿਹਾ ਕਿ ਇਸ ਗੱਲ ਦਾ ਸਬੂਤ ਹੈ ਕਿ ਪੰਜਾਬ ਦੇ ਲੋਕ ਇਸ ਵਾਰ









ਮਹਿਮਾਨ ਵਜੋਂ ਬਹੁਜਨ ਸਮਾਜ ਪਾਰਟੀ ਦੀ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ, ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਅਤੇ ਸ. ਸੁਖਬੀਰ ਸਿੰਘ ਬਾਦਲ ਪ੍ਰਧਾਨ ਸ੍ਰੋਮਣੀ ਅਕਾਲੀ ਦਲ ਪਹੁੰਚੇ। ਇਸ ਮੌਕੇ ਭੈਣ ਕੁਮਾਰੀ ਮਾਇਆਵਤੀ ਨੇ ਭਾਰੀ ਜਨ ਸਭਾ ਨੂੰ ਸੰ-ਬੋਧਨ ਕਰਦਿਆ ਕਿਹਾ ਕਿ ਪੰਜਾਬ ਵਿੱਚ ਵਿਰੋਧੀਆ ਦਾ ਸਫਾਇਆ ਹੋਣਾ ਤੈਅ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਬੇਰੁ-ਜਗਾਰੀ ਇੱਕ ਮੁੱਖ ਸਮੱਸਿਆ ਹੈ ਅਤੇ ਗਰੀਬ ਦਲਿਤ, ਪਿਛੜੇ, ਘੱਟ ਗਿਣ-ਤੀਆ ਅਤੇ ਸਰਵ ਸਮਾਜ ਦੇ ਗਰੀਬ ਲੋਕ ਸਰਕਾਰੀ ਸਹੂਲਤਾ ਤੋਂ ਅਜੇ ਵੀ ਵਾਂਝੇ ਹਨ। ਉਨ੍ਹਾਂ ਕਾਂਗਰਸ ਬਾਰੇ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰ-ਬੇਦਕਰ ਜੀ ਨਾਲ ਕਾਂਗਰਸ ਵਲੋਂ ਬਹੁਤ ਵਾਰ ਨਿਰਾਦਰ ਕਰਨ ਦੀ ਕੋਸ਼ਿ ਕੀਤੀ ਨੂੰ ਉਨ੍ਹਾਂ ਦਾ ਬਣਦਾ ਸਨਮਾਨ ਭਾਰਤ ਰਤਨ ਵੀ ਨਹੀਂ ਦਿੱਤਾ ਗਿਆ। ਉਨ੍ਹਾਂ ਪੰਜਾਬ ਕਾਂਗਰਸ ਵਲੋਂ ਮੁੱਖ ਮੰਤਰੀ ਦੇ ਐਲਾਨੇ ਗਏ ਉਮੀਦਵਾਰ ਸ੍ਰੀ ਚਰਨਜੀਤ ਸਿੰਘ ਚੰਨੀ ਟਿੱਪਣੀ ਕਰਦਿਆ ਕਿਹਾ ਕਿ ਚੰਨੀ ਨੂੰ ਕੁਝ ਸਮੇਂ ਲਈ ਵਰਤਨ ਲਈ ਅਜਿਹੇ ਹੱਥਕੰਡੇ ਵਜੋਂ ਵਰਤਿਆ ਗਿਆ ਹੈ। ਉਨ੍ਹਾਂ ਕਾਂਗਰਸ ਵਲੋਂ ਕੀਤੇ ਜਾਦੇ ਹਵਾ ਹਵਾਈ ਕੰਮਾ ਤੇ ਵੀ ਤਿੱਖੀ ਟਿੱਪਣੀ ਕੀਤੀ। ਉਨ੍ਹਾਂ ਭਾਜਪਾ ਤੇ ਤੰਜ ਕਸਦਿਆ ਕਿਹਾ ਕਿ ਪਾਰਟੀ ਕਾਰਪੋਰੇਟ ਘਰਾਨਿਆ ਦੀ ਨੁਮਾਇੰਗੀ ਕਰਨ ਵਿੱਚ ਲੱਗੀ ਹੋਈ



ਸ੍ਰੋਮਣੀ ਸੰਤ ਗੁਰੂ ਰਵਿਦਾਸ ਜੀ ਨੂੰ ਵੀ ਯਾਦ ਕਰ ਲੈਣਾ ਚਾਹੀਦਾ ਸੀ।ਉਨ੍ਹਾਂ ਕਿਹਾ ਕਿ ਕਾਂਗਰਸ ਦੀਆ ਗਲਤ ਨੀਤੀਆ ਕਾਰਨ ਹੀ ਉਹ ਕੇਂਦਰੀ ਸੱਤਾ ਤੋਂ ਬਾਹਰ ਹੋ ਚੁੱਕੀ ਹੈ ਅਤੇ ਉਹ ਇਸ ਬਾਰ ਪੰਜਾਬ ਦੀ ਸੱਤਾ ਤੋਂ ਵੀ ਬਾਹਰ ਹੋ ਜਾਵੇਗੀ। ਕਾਂਗਰਸ ਸਿਰਫ ਦਲਿਤਾ ਪਿ-ਛੜਿਆ ਅਤੇ ਘੱਟ ਗਿਣਤੀਆ ਲਈ ਸਿਰਫ ਨਾਟਕਬਾਜੀ ਕਰਦੀ ਹੈ। ਕਾਂਗਰਸ ਦੇ ਰਾਜ ਵਿੱਚ ਮਹਿਲਾਵਾ ਦੀ ਭਾਗੇਦਾਰੀ ਕਿਧਰੇ ਨਜਰ ਨਹੀਂ ਆਉਦੀ, ਕਾਂਗਰਸ ਦਾ ਰਿਮੋਟ ਕੰਟਰੋਲ ਗੈਰ ਦਲਿਤਾ ਕੋਲ ਗਠਬੰਧਨ ਦੀ ਸਰਕਾਰ ਬਣਾ ਕਿ ਸਾਹਿਬ ਸ੍ਰੀ ਕਾਂਸ਼ੀ ਰਾਮ ਨੂੰ ਸੱਚੀ ਸ਼ਰਧਾਜਲੀ ਭੇਟ ਕਰਨਗੇ। ਉਨ੍ਹਾ ਕਿਹਾ ਕਿ ਸੱਤਾ ਵਿੱਚ ਆਉਣ ਤੇ ਸਾਰੇ ਵਰਗਾ ਦਾ ਵਿਕਾਸ ਤੇ ਉਥਾਨ ਕੀਤਾ ਜਾਵੇਗਾ। ਉਨ੍ਹਾਂ ਦਿੱਲੀ ਦੀ ਕੇਜਰੀਵਾਲ ਵਾਲੀ ਸਰਕਾਰ ਨੂੰ ਨਿਸ਼ਾਨੇ ਦੇ ਲੈਦਿਆ ਕਿਹਾ ਕਿ ਕੇਜਰੀਵਾਲ ਪੰਜਾਬ ਅੰਦਰ ਝੂਠੀਆ ਪ੍ਰਾਪਤੀਆ ਗਿਣਾ ਰਿਹਾ ਹੈ।ਇਸ ਮੌਕੇ ਸ੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਹ ਦੋਵਾ ਪਾਰ-ਟੀਆ ਦਾ ਇਤਹਾਸਿਕ ਗਠਜੋੜ ਹੈ। ਇਸ ਤੋਂ ਪਹਿਲਾ ਸਾਲ 1996 ਵਿੱਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਸਾਹਿਬ ਕਾਂਸ਼ੀ ਰਾਮ ਦਰਮਿਆਨ ਗਠਜੋੜ ਹੋਇਆ ਸੀ ਤੇ 11 ਸੰਸਦੀ ਸੀਟਾ ਤੇ ਜਿੱਤ ਪ੍ਰਾਪਤ ਕੀਤੀ ਸੀ।

**(ਬਾਕੀ ਸਫਾ 17 ਤੇ ਤਸਵੀਰਾ 19 ਤੇ)**




SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212 (NEAR HWY 99 ON MORADA LANE)
(209-373-3562) msandhu2014@gmail.com



DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed



Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823



MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## DHAN DHAN
## SRI GURU RAVIDASS JI

**Bole' So Nirbhay! Guru Ravidass Maharaj Ki Jai**

# 645th Gurpurb of Sri Guru Ravidass Ji



ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ ॥ ਕਨਕ ਕਟਿਕ ਜਲ ਤਰੰਗ ਜੈਸਾ ॥੧॥
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥ ਪਤਿਤ ਪਾਵਨ ਨਾਮ ਕੈਸੇ ਹੰਤਾ ॥੧॥ ਰਹਾਉ ॥
ਤਮਹਹ ਜ ਨਾਇਕ ਆਛਹ ਅੰਤਰਜਾਮੀ ॥ ਪਰਭ ਤੇ ਜਨ ਜਾਨੀਜੈ ਜਨ ਤੇ ਸਆਮੀ ॥੨॥
ਸਰੀਰ ਆਰਾਧੈ ਮੋ ਕਉ ਬੀਚਾਰ ਦੇਹੂ ॥ ਰਵਿਦਾਸ ਸਮ ਦਲ ਸਮਝਾਵੈ ਕੋਊ ॥੩॥

**Sri Guru Ravidass Sabha CA, Pittsburg** will be celebrating the 645th Parkash Utsav of SATGURU RAVIDASS JI on Sunday, February 20, 2022 at the Gurughar, The entire Sangat is humbly requested to participate in this Gurupurb . Sri Guru Ravidass ji was born in 1377, in Kanshi, in India, in a humble family of Pita Santokh Dass ji and Mata Kalsa Devi ji. Guru Ravidass Ji was a great religious and social reformer. Guru Ji dedicated his whole life for the welfare of the humanity. He preached social harmony and equality among all human beings. He stood against caste based discrimination.

**ARAMBH SHRI AKHAND PATH - February 18, 2022 (Friday) 10:00 AM**
**BHOG SHRI AKHAND PATH - February 20, 2022 (Sunday) 10:00 AM**
**Nishan Sahib Hoisting Ceremony - February 19, 2022(Saturday) at 11:00 AM.**
**(Nishan Sahib sewa by Bhai Sucha Singh Bangar and Bibi Sunita Bangar)**

We need **volunteers** to help with this event to prepare and serve Langar, keep Gurughar clean and organized, directing traffic/parking, kitchen and other Sewa. For **STALLS** or any **SEWA**, please contact President Jagtar Singh Bhatia at (925)487-9624 or Secretary Abhishek Pal Narabut at (925) 695-4637.

### KIRTAN DIWAN

**SATURDAY:** Gurughar Jatha will start Shabad Kirtan at 5:30PM
**Bhai Rachhpal Singh ji** start Shabad Kirtan at 6:00 PM
**SUNDAY: Giani Gurnam Singh ji / Giani Ompal Singh ji** will start the Shabad Kirtan at 11:00 AM
**Prominent Jatha of Bhai Onkar Singh ji, Una Sahib Waley will delight the sangat from 12:00 noon to 1:00 PM with Guru Ka Kirtan.**
Kirtani Jatha of Bhai Jagjit Singh ji will begin Shabad Kirtan at 1:00 PM



**"NANAK NAM CHARDI KALA TERE BHANE SARBAT DA BHALA"**

### Sangat Sewadars

Chairperson
Kulwant Kaur Banga

President
Jagtar Bhatia

General Secretary
Abhishek Pal Narabut

Treasurer
Sunita K Singh

Pease visit Gurughar website for information: WWW.SriGuruRavidassTemple.com


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets



INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੈਂਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵ ਵੀਵ ਡੀਵ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# ਪੱਪੀ ਭਦੌੜ ਦੇ ਗੀਤ 'ਖ਼ਤਰਾ ਸਿੱਖੀ ਨੂੰ' ਦਾ ਪੋਸਟਰ ਫਰਿਜਨੋ ਵਿਖੇ ਰਿਲੀਜ਼

## ਪੱਪੀ ਭਦੌੜ ਦੀ ਸੰਗੀਤ ਪ੍ਰਤੀ ਵੱਡਮੁਲੀ ਦੇਣ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ - ਡਾ.ਸਿਮਰਜੀਤ ਧਾਲੀਵਾਲ






ਫਰਿਜਨੋ, ਕੈਲੀਫੋਰਨੀਆਂ (ਨੀਟਾ ਮਾਛੀਕੇ /ਕੁਲਵੰਤ ਧਾਲੀਆਂ): ਪੱਪੀ ਭਦੌੜ, ਇੱਕ ਸਫਲ ਸੰਗੀਤਕਾਰ ਅਤੇ ਮਿਆਰੀ ਗੀਤਾਂ ਦਾ ਰਚੇਤਾ ਹੈ। ਜਿਸ ਨੇ ਕੁਲਦੀਪ ਮਾਣਕ, ਸੁਰਿੰਦਰ ਛਿੰਦਾ, ਮੁਹੰਮਦ ਸਦੀਕ ਵਰਗੇ ਕਲਾਕਾਰਾਂ ਨਾਲ ਸਟੇਜ ਤੇ ਕੰਮ ਕੀਤਾ ਅਤੇ ਨਛੱਤਰ ਛੱਤਾ ਅਤੇ ਮੇਜਰ ਰਾਜਸਥਾਨੀ ਵਰਗੇ ਕਲਾਕਾਰਾਂ ਨੂੰ ਸਟੇਜਾਂ ਤੇ ਚੜਾਇਆ। ਪੱਪੀ ਦੇ ਲਿਖੇ ਬਹੁਤ ਸਾਰੇ ਗੀਤ ਵੱਖੋ-ਵੱਖ ਕਲਾਕਾਰ ਨੇ ਗਾਏ। ਪੱਪੀ ਲੰਮੇ ਅਰਸੇ ਤੋ ਪੰਜਾਬ ਤੋ ਦੂਰ ਅਮਰੀਕਾ ਰਹਿਕੇ ਵੀ ਸੰਗੀਤ ਨਾਲ ਜੁੜਿਆ ਰਿਹਾ। ਉਸਦਾ ਇੱਕ ਗੀਤ ਜਿਹੜਾ ਸਿੱਖੀ ਵਿੱਚ ਆ ਰਹੇ ਨਿਘਾਰ ਦੀ ਗੱਲ ਕਰਦਾ, ਸਿੱਖਾਂ ਨੂੰ ਆਉਣ ਵਾਲੀਆ ਚਣੌਤੀਆਂ ਪ੍ਰਤੀ ਜਾਗਰੂਕ ਕਰਦਾ 'ਖ਼ਤਰਾ ਸਿੱਖੀ ਨੂੰ' ਪੱਪੀ ਦੀ ਆਪਣੀ ਅਵਾਜ਼ ਵਿੱਚ ਗਾਇਆ ਗੀਤ, "ਧਾਲੀਆਂ ਐਂਡ ਮਾ-ਛੀਕੇ ਮੀਡੀਆ ਅਮਰੀਕਾ ਦੀ ਪੇਸ਼ਕਸ਼ ਬਹੁਤ ਜਲਦ ਤੁਹਾਡੀ ਕਚਿਹਰੀ ਵਿੱਚ ਆ ਰਿਹਾ ਹੈ। ਜਿਸ ਨੂੰ ਬਹੁਤੇ ਅਖੌਤੀ ਕਿਸਮ ਦੇ ਸਿੱਖ ਸ਼ਾਇਦ ਨਾ ਪਸੰਦ ਕਰਨ। ਪਰ ਇਸ ਅਜੋਕੇ ਸਮੇਂ ਦੀਆਂ ਹਕੀਕਤਾਂ ਬਿਆਨ ਕਰਦਾ ਗੀਤ ਹੈ। ਜਿਸ ਦਾ ਪੋਸਟਰ ਉੱਘੇ ਸਾਮਜਸੇਵੀ ਰਾਜੂ ਵਕੀਲਾਂਵਾਲਾ ਦੇ ਗ੍ਰਹਿ ਵਿਖੇ ਇਕ ਸੰਗੀਤਕ ਸ਼ਾਮ ਦੌਰਾਨ ਪਤਵੰਤੇ ਸੱਜਣਾਂ ਦੀ ਹਾਜ਼ਰੀ ਵਿੱਚ ਰਿਲੀਜ਼ ਕੀਤਾ ਗਿਆ। ਇਸ ਮੌਕੇ ਉਚੇਚੇ ਤੌਰ ਤੇ ਡਾ. ਸਿਮਰਜੀਤ ਸਿੰਘ ਧਾਲੀਵਾਲ, ਸ਼ਾਇਰ ਰਣਜੀਤ ਗਿੱਲ, ਗਾਇਕ ਅਵਤਾਰ ਗਰੇਵਾਲ, ਗੁਰਸੇਵਕ ਧਾਲੀਵਾਲ, ਪੱਤਰਕਾਰ ਕੁਲਵੰਤ ਧਾਲੀਆਂ, ਨੀਟਾ ਮਾਛੀਕੇ ਆਦਿ ਸੱਜਣ ਮਜੂਦ ਰਹੇ। ਇਸ ਮੌਕੇ ਡਾ. ਸਿਮਰਜੀਤ ਧਾਲੀਵਾਲ ਨੇ ਬੋਲਦਿਆਂ ਕਿਹਾ ਕਿ ਪੱਪੀ ਭਦੌੜ ਦੀ ਪੰਜਾਬੀ ਸੰਗੀਤ ਨੂੰ ਵੱਡੀ ਦੇਣ ਹੈ ਅਤੇ ਪੱਪੀ ਨੂੰ ਇਸ ਗੀਤ ਲਈ ਬਹੁਤ ਬਹੁਤ ਵਧਾਈਆਂ। ਜੀ. ਐਚ. ਜੀ. ਅਕੈਡਮੀ ਫਰਿਜ਼ਨੋ ਦੇ ਮੋਢੀ ਮੈਂਬਰ ਪਰਮਜੀਤ ਸਿੰਘ ਧਾਲੀਵਾਲ ਅਤੇ ਟਰਾਂਸਪੋਰਟਰ ਮਿੰਟੂ ਉੱਪਲੀ ਨੇ ਵੀ ਪੱਪੀ ਦੀ ਹਰ-ਪੱਖੋਂ ਮੱਦਦ ਕਰਨ ਲਈ ਪਰਪੱਕਤਾ ਦੁਹਰਾਈ। ਅੰਤ ਸਮਾਜ, ਸੱਭਿਆਚਾਰ ਅਤੇ ਧਾਰਮਿਕ ਵਿਸ਼ਿਆਂ 'ਤੇ ਬਾਤਾਂ ਪਾਉਦਾ ਇਹ ਪ੍ਰੋ-ਗਰਾਮ ਯਾਦਗਾਰੀ ਹੋ ਨਿਬੜਿਆ।



# ਅਮਰੀਕਾ ਦੇ ਸਿੱਖ ਭਾਈਚਾਰੇ ਨੇ ਫਰਿਜ਼ਨੋ ਵਿਖੇ ਫਤਹਿ ਦਿਵਸ ਮਨਾਇਆ






ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਜਿਸ ਤਰਾਂ ਕਿਸਾਨ ਅੰਦੋਲਨ ਦੇ ਸੁਰੂ ਵਿੱਚ ਦੁਨੀਆ ਦੀ ਭਾਰਤ ਸਰਕਾਰ ਦੇ ਕਾਲੇ ਕਾਨੂੰਨਾਂ ਖਿਲਾਫ ਸਭ ਤੋਂ ਪਹਿਲੀ ਰੈਲੀ ਫਰਿਜ਼ਨੋ ਵਿਖੇ ਹੋਈ ਸੀ। ਜਿਸ ਤੋਂ ਬਾਅਦ ਬਹੁਤ ਰੈਲੀਆਂ ਅਤੇ ਫੰਡ ਰੇਜ਼ਰ ਹੋਏ ਅਤੇ ਅੰਦੋਲਨ ਕਰ ਰਹੇ ਕਿਸਾਨਾਂ ਦੀ ਮਦਦ ਕੀਤੀ। ਇਸ ਕਿਸਾਨ ਅੰਦੋਲਨ ਦੀ ਸਫਲਤਾ ਤੋਂ ਬਾਅਦ ਫਰਿਜ਼ਨੋ ਵਿਖੇ ਸਮੁੱਚੇ ਅਮਰੀਕਨ ਸਿੱਖ ਭਾਈਚਾਰੇ ਵੱਲੋਂ ਫਤਹਿ ਦਿਵਸ ਮਨਾਉਂਦੇ ਹੋਏ ਸਮੂੰਹ ਸਹਿਯੋਗੀਆਂ ਦਾ ਧੰਨਵਾਦ ਕੀਤਾ ਗਿਆ। ਜਿਸ ਵਿੱਚ ਭਾਰਤੀ ਭਾਈਚਾਰੇ ਤੋਂ ਇਲਾਵਾ ਅਮਰੀਕਾ ਦੇ ਵੱਖ-ਵੱਖ ਵਿਭਾਗਾਂ ਤੋਂ ਸਰਕਾਰੀ ਅਧਿਕਾਰੀ ਸਾਮਲ ਹੋਏ ਅਤੇ ਸਮੁੱਚੇ ਸਿੱਖ ਭਾਈਚਾਰੇ ਨੂੰ ਹਰ ਸਮੇਂ ਸਹਿਯੋਗ ਦੇਣ ਦੀ ਵਚਨਬੱਧਤਾ ਪ੍ਰਗਟਾਈ। ਜਿੰਨਾਂ ਵਿੱਚ ਫਰਿਜ਼ਨੋ ਸਿਟੀ ਕੌਂਸ਼ਲ ਦੇ ਮੇਅਰ ਜੈਰੀ ਡਾਇਰ ਅਤੇ ਸਾਰੇ ਕੌਂਸ਼ਲ ਮੈਂਬਰ। ਇਸੇ ਤਰਾਂ ਇਲਾਕੇ ਦੇ ਕਾਂਗਰਸਮੈਨ ਡੇਵਿੰਡ ਵਲਡਿਉ > ਅਤੇ ਹੋਰ ਵੱਡੇ ਅਧਿਕਾਰੀ। ਇਸ ਸਮੇਂ ਖਾਸ ਤੌਰ 'ਤੇ ਭਾਰਤ ਤੋਂ ਡਾ. ਵਰਿੰ-ਦਰਪਾਲ ਸਿੰਘ, ਇੰਗਲੈਂਡ ਤੋਂ ਯੂਨਾਈਟਿਡ ਨੇਸ਼ਨ ਦੇ ਅਡਵਾਈਜ਼ਰ ਡਾ. ਇਕਤੀਦਾਰ ਚੀਮਾਂ ਨੇ ਸਿੱਖਾਂ ਦੀ ਦੁਨੀਆ ਦੇ ਸਮੁੱਚੇ ਭਾਈਚਾਰੇ ਲਈ ਦੇਣ ਅਤੇ ਆ ਰਹੀਆਂ ਮੁਸ਼ਕਲਾਂ ਬਾਰੇ ਭਾਸ਼ਨ ਦਿੱਤੇ। ਇਸ ਸਮੇਂ ਫਰਿਜ਼ਨੋ ਸਿਟੀ ਕੌਂਸ਼ਲ ਕੋਲ ਸਿੱਖ ਭਾਈਚਾਰੇ ਲਈ ਸਕੂਲਾਂ ਅਤੇ ਹੋਰ ਥਾਂਵਾਂ 'ਤੇ ਆ ਰਹੀਆਂ ਮੁਸ਼ਕਲਾਂ ਬਾਰੇ ਵੀ ਗੱਲ ਹੋਈ। ਇਸ ਸਮੁੱਚੇ ਪ੍ਰੋਗਰਾਮ ਦਾ ਟੀਚਾ ਭਾਰਤ ਦੇ ਕਿਸਾਨੀ ਭਾਈਚਾਰੇ ਨੂੰ ਉੱਚਾ ਚੁੱਕਣਾ, ਇੱਥੋਂ ਦੇ ਸਿੱਖ ਭਾਈਚਾਰੇ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਪੰਜਾਬ ਦੀ ਮਦਦ ਕਰਨ ਵਰਗੇ ਵਿਸ਼ੇ ਵੀ ਸਾਮਲ ਰਹੇ। ਇਸ ਪ੍ਰੋਗਰਾਮ ਦੌਰਾਨ ਫਰਿਜ਼ਨੋ ਸਿਟੀ ਕੌਂਸ਼ਲ ਵੱਲੋਂ ਇਤਿਹਾਸ ਸਿਰਜਦੇ ਹੋਏ 30 ਜਨਵਰੀ ਦਾ ਦਿਨ "ਫਤਹਿ ਦਿਵਸ" ਦੇ ਤੌਰ 'ਤੇ ਦਰਜ ਕੀਤਾ ਗਿਆ। ਹੁਣ ਆਉਣ ਵਾਲੇ ਹਰ ਸਾਲ ਹੁਣ ਅਮਰੀਕਾ ਵੱਲੋਂ ਸਰਕਾਰੀ ਤੌਰ 'ਤੇ 30 ਜਨਵਰੀ ਨੂੰ ਫਤਹਿ ਦਿਵਸ ਕਰਕੇ ਮਨਾਇਆ ਜਾਇਆ ਕਰੇਗਾ। ਇਸ ਮੌਕੇ ਸਿਟੀ ਅਧਿ-ਕਾਰੀਆਂ ਵੱਲੋ ਪੰਜਾਬੀ ਭਾਈਚਾਰੇ ਲਈ ਸ਼ਹਿਰ ਵਿੱਚ 40 ਏਕੜ ਵਿੱਚ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਇੱਕ ਖੂਬਸੂਰਤ ਪਾਰਕ ਬਣ-ਾਉਣ ਦਾ ਪ੍ਰਸਤਾਵ ਵੀ ਰੱਖਿਆ ਗਿਆ। ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ਼ ਸੰਚਾਲਨ ਰਾਜ ਪੰਨੂ ਨੇ ਬਾਖੂਬੀ ਨਿਭਾਇਆ। ਵਿਦੇਸ਼ਾਂ ਵਿੱਚ ਰਹਿੰਦੇ ਹੋਏ ਅਮਰੀਕਨ ਭਾਈਚਾਰੇ ਵੱਲੋਂ ਇਹ ਪ੍ਰੋਗਰਾਮ ਆਪਸੀ ਸਾਂਝ ਦਾ ਸੁਨੇਹਾ ਦਿੰਦਾ ਇਤਿਹਾਸਕ ਪੈੜਾ ਪਾ ਗਿਆ।



# ਬਸਪਾ-ਅਕਾਲੀ ਗਠਜੋੜ ਦੇ ਉਮੀਦਵਾਰ ਜਸਵੀਰ ਸਿੰਘ ਗੜ੍ਹੀ ਦੀ ਮੁਹਿਮ ਨੂੰ ਮਿਲਿਆ ਭਾਰੀ ਬੱਲ

ਫਗਵਾੜਾ 5 ਫਰਵਰੀ (ਬੀ.ਕੇ.ਰੱਤੂ) ਬਸਪਾ-ਅਕਾਲੀ ਗਠਜੋੜ ਦੇ ਫਗਵਾੜਾ ਵਿਧਾਨਸਭਾ ਹਲਕੇ ਤੋਂ ਸਾਂਝੇ ਉਮੀਦਵਾਰ ਜਸਵੀਰ ਸਿੰਘ ਗੜ੍ਹੀ ਦੀ ਚੋਣ ਮੁਹਿਮ ਨੂੰ ਉਸ ਸਮੇਂ ਭਾਰੀ ਬੱਲ ਮਿਲਿਆ ਜਦੋਂ ਸਾਬਕਾ ਬਲਾਕ ਸੰਮਤੀ ਮੈਂਬਰ ਸੁਖਵਿੰਦਰ ਸਿੰਘ ਸ਼ੇਰਗਿਲ ਨੇ ਮੁੜ ਬਸਪਾ 'ਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ।

ਸ਼ੇਰਗਿਲ ਦਾ ਬਸਪਾ 'ਚ ਸ਼ਾਮਲ ਹੋਣ ਤੇ ਸ੍ਰ. ਜਸਵੀਰ ਸਿੰਘ ਗੜ੍ਹੀ ਜੋ ਕਿ ਪਾਰਟੀ ਦੇ ਸੂਬਾ ਪ੍ਰਧਾਨ ਵੀ ਹਨ ਨੇ ਮਾ. ਹਰਭਜਨ ਸਿੰਘ ਬਲਾਲੋਂ ਸੂਬਾ ਜਨਰਲ ਸਕੱਤਰ ਤੋਂ ਇਲਾਵਾ ਸੀਨੀਅਰ ਅਕਾਲੀ ਆਗੂਆਂ ਜਥੇਦਾਰ ਸਰਵਨ ਸਿੰਘ ਕੁਲਾਰ, ਸਾਬਕਾ ਡਿਪਟੀ ਮੇਅਰ ਰਣਜੀਤ ਸਿੰਘ ਖੁਰਾਣਾ ਤੇ ਸਾਬਕਾ ਕੌਂਸਲਰ ਗੇਜੂ ਵਾਲੀਆ ਦੀ ਹਾਜਰੀ 'ਚ ਨਿੱਘਾ ਸਵਾਗਤ ਕੀਤਾ ਅਤੇ ਬਸਪਾ-ਅਕਾਲੀ ਆਗੂਆਂ ਵਲੋਂ ਉਹਨਾਂ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ।

ਇਸੇ ਦੌਰਾਨ ਸੁਖਵਿੰਦਰ ਸਿੰਘ ਸ਼ੇਰਗਿਲ ਨੂੰ ਬਹੁਜਨ ਸਮਾਜ ਪਾਰਟੀ ਜਿਲ੍ਹਾ ਕਪੂਰਥਲਾ ਦਾ ਇੰਚਾਰਜ ਵੀ ਥਾਪਿਆ ਗਿਆ। ਜਸਵੀਰ ਸਿੰਘ ਗੜ੍ਹੀ ਨੇ ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੇਕਰ ਫਗਵਾੜਾ ਦੇ ਵੋਟਰਾਂ ਵਲੋਂ ਉਹਨਾਂ ਨੂੰ ਵਿਧਾਇਕ ਵਜੋਂ ਸੇਵਾ ਕਰਨ ਦਾ ਮੌਕਾ ਦਿੱਤਾ ਤਾਂ ਉਹਨਾਂ ਦੀ ਪ੍ਰਾਥਮਿਕਤਾ ਭ੍ਰਿਸ਼ਟਾਚਾਰ ਤੇ ਨਸ਼ਿਆਂ ਦੇ ਖਾਤਮੇ ਤੋਂ ਇਲਾਵਾ ਵਿਕਾਸ ਨੂੰ ਨਵੀਂ ਦਿਸ਼ਾ ਦੇਣਾ ਰਹੇਗੀ।

ਉਹਨਾਂ ਸ਼ਹਿਰ 'ਚ ਸਾਫ ਸੁਥਰੀਆਂ ਪਾਰਕਾਂ ਅਤੇ ਵਧੀਆ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੀ ਗੱਲ ਵੀ ਕਹੀ। ਇਸ ਮੌਕੇ ਇੰਜੀਨੀਅਰ ਪ੍ਰਦੀਪ ਮੱਲ, ਪਰਮਿੰਦਰ ਬੋਧ ਭੁੱਲਾਰਾਈ ਦਿਹਾਤੀ ਪ੍ਰਧਾਨ, ਬਲਵਿੰਦਰ ਬੋਧ ਸ਼ਹਿਰੀ ਪ੍ਰਧਾਨ ਬਸਪਾ, ਸੁਰਿੰਦਰ ਢੰਡਾ, ਅਮਰਜੀਤ ਖੁੱਤਣ, ਮਨੀਸ਼ ਮਹਿਮੀ, ਸੁਰਿੰਦਰ ਰਾਵਲਪਿੰਡੀ, ਸੋਨੂੰ ਗੋਬਿੰਦਪੁਰਾ, ਅਸ਼ੋਕ ਰਾਮਪੁਰ, ਤੇਜਪਾਲ ਬਸਰਾ, ਸੁਰਿੰਦਰ ਭਬਿਆਣਾ, ਨਰੇਸ਼ ਕੈਲੇ ਸਮੇਤ ਵੱਡੀ ਗਿਣਤੀ 'ਚ ਬਸਪਾ-ਅਕਾਲੀ ਵਰਕਰ ਹਾਜਰ ਸਨ।



## ਚੋਣ ਅਖਾੜੇ 'ਚ ਲੋਕ ਮੋਰਚਾ ਪੰਜਾਬ ਦੀ ਕਨਵੈਨਸ਼ਨ ਨੇ ਦਿੱਤਾ ਹੋਕਾ

# ਇਨਕਲਾਬੀ ਸਮਾਜਕ ਤਬਦੀਲੀ ਦੇ ਰਾਹ ਪਓ ਦਾ ਸੱਦਾ

ਜਲੰਧਰ: ਲੋਕ ਮੋਰਚਾ ਪੰਜਾਬ ਦੀ ਅਗਵਾਈ 'ਚ ਬਣੀ ਪੰਜਾਬ ਪੱਧਰੀ 'ਇਨਕਲਾਬੀ ਬਦਲ ਉਸਾਰੋ ਮੁਹਿੰਮ' ਵੱਲੋਂ ਦੇਸ਼ ਭਗਤ ਯਾਦਗਾਰ ਹਾਲ 'ਚ ਕੀਤੇ ਵਿਚਾਰ-ਚਰਚਾ ਸਮਾਗਮ 'ਚ ਸੱਦਾ ਦਿੱਤਾ ਗਿਆ ਕਿ ਚੋਣਾਂ ਦੇ ਮਘੇ ਅਖਾੜੇ ਵਿੱਚੋਂ ਭਲੇ ਜਾਂ ਮੁਕਤੀ ਦੀ ਝਾਕ ਰੱਖਣ ਦੀ ਬਜਾਏ ਲੋਕਾਂ ਨੂੰ ਆਪਣੀ ਜੱਥੇਬੰਦਕ ਤਾਕਤ ਉਸਾਰਨ ਅਤੇ ਲੋਕ ਸੰਘਰਸ਼ਾਂ ਉਪਰ ਟੇਕ ਰੱਖਣ ਦੀ ਲੋੜ ਹੈ।'ਇਨ-ਕਲਾਬੀ ਬਦਲ ਉਸਾਰੋ ਮੁਹਿੰਮ ਕਮੇਟੀ' ਦੇ ਸੂਬਾਈ ਆਗੂ ਅਮੋਲਕ ਸਿੰਘ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਲੋਕਾਂ ਦੀ ਜ਼ਿੰਦਗੀ ਨਾਲ ਜੁੜੇ ਰੋਜ਼ ਮਰ੍ਹਾ ਦੇ ਅਤੇ ਬੁਨਿਆਦੀ ਮੁੱਦਿਆਂ ਨਾਲ ਚੋਣ ਅਖਾੜੇ 'ਚ ਉਤਰੀਆਂ ਪਾਰਟੀਆਂ ਦਾ ਦੂਰ ਦਾ ਵੀ ਵਾਸਤਾ ਨਹੀਂ। ਉਹ ਲੁੱਟ ਦਾ ਮਾਲ ਵੰਡਣ ਲਈ ਕੁੱਕੜ ਖੋਹੀ ਕਰਨ 'ਚ ਗਲਤਾਨ ਹਨ। ਅਮੋਲਕ ਸਿੰਘ ਨੇ ਕਿਹਾ ਕਿ ਦੇਸੀ-ਬਦੇਸੀ ਕਾਰਪੋਰੇਟ ਘਰਾਣਿਆਂ, ਵੱਡੇ ਭੋਇੰਪਤੀਆਂ, ਅਜੋਕੀ ਸਮੁੱਚੀ ਆਰਥਕ, ਰਾਜਨੀਤਕ, ਸਮਾਜਕ ਪ੍ਰਣਾਲੀ ਨੂੰ ਮੂਲੋਂ ਬਦਲਣ ਲਈ ਗ਼ਦਰੀ ਬਾਬਿਆਂ, ਭਗਤ-ਸਰਾਭਿਆਂ ਦੇ ਦਰਸਾਏ




ਇਨਕਲਾਬੀ ਰਾਹ ਦਾ ਪਰਚਮ ਬੁਲੰਦ ਕਰਨ ਦੀ ਲੋੜ ਹੈ। ਉਹਨਾਂ ਨੇ ਕਿਸਾਨ ਮੋਰਚੇ ਦੇ ਕ੍ਰਿਸ਼ਮਿਆਂ ਅਤੇ ਅਨੇਕਾਂ ਲਾ-ਮਿਸਾਲ ਮੋਰਚਿਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਲੋਕਾਂ ਨੂੰ ਵੋਟਾਂ ਦੀ ਰੁੱਤੇ ਕਿਸੇ ਕਿਸਮ ਦੇ ਵੀ ਭਰਮ-ਜਾਲ 'ਚ ਫਸਣ ਦੀ ਬਜਾਏ ਪਰਖੇ ਪਰਤਿਆਏ, ਘੋਲਾਂ ਦੇ ਇੱਕੋ ਇੱਕ ਸੁਵੱਲੜੇ ਰਾਹ 'ਤੇ ਸਾਬਤ ਕਦਮੀਂ ਤੁਰਨ ਲਈ ਲੱਕ ਬੰਨ੍ਹਣ ਦੀ ਲੋੜ ਹੈ। ਇਨਕਲਾਬੀ ਬਦਲ ਉਸਾਰੋ ਮੁਹਿੰਮ 'ਚ ਸ਼ਾਮਲ ਪੰਜਾਬ ਖੇਤ ਮਜ਼ਦੂਰ ਯੂਨ-ੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ ਨੇ ਸੰਬੋਧਨ ਕਰਦਿਆਂ ਠੋਸ ਤੱਥਾਂ ਸਹਿਤ ਦੱਸਿਆ ਕਿ ਸਾਡੇ ਸਮਿਆਂ ਦੀ ਅਸਲ ਲੋੜ ਤਾਂ ਜ਼ਮੀਨ ਦੀ ਮੁੜ ਵੰਡ ਕਰਨਾ, ਬੇਜ਼ਮੀਨਿਆਂ ਨੂੰ ਜ਼ਮੀਨ ਦੇਣਾ,



ਬਹੁਕੌਮੀ ਕੰਪਨੀਆਂ ਅਤੇ ਮੁਲਕ ਦੇ ਉੱਚ ਘਰਾਣਿਆਂ ਦੀ ਪੂੰਜੀ ਜ਼ਬਤ ਕਰਨਾ ਹੈ। ਉਹਨਾਂ ਕਿਹਾ ਕਿ ਮੁਲਕ ਦੇ ਵਿਕਾਸ, ਖੁਸ਼ਹਾਲੀ, ਬਰਾਬਰੀ ਅਤੇ ਨਿਆਂ ਭਰੇ ਸਮਾਜ ਦੀ ਸਿਰਜਣਾ ਵੋਟ ਪਰਚੀਆਂ/ਮਸ਼ੀਨਾਂ ਰਾਹੀਂ ਨਹੀਂ ਹੋਣੀ ਸਗੋਂ ਅਜੋਕੇ ਮਲਕ ਭਾਗੋਆਂ ਦਾ ਜਕੜ ਪੰਜਾ ਤੋੜਕੇ ਹੋਏਗੀ। ਲੋਕ ਮੋਰਚਾ ਪੰਜਾਬ ਦੇ ਸੂਬਾ ਕਮੇਟੀ ਮੈਂਬਰ ਸੁਖਵਿੰਦਰ ਸਿੰਘ ਬਠਿੰਡਾ ਨੇ ਕਿਹਾ ਕਿ ਲੋਕ ਘੋਲਾਂ ਦੀਆਂ ਬਰਕਤਾਂ ਨੂੰ ਸਾਂਭਣ ਦਾ ਵੇਲਾ ਹੈ ਨਾ ਕਿ ਚੋਣਾਂ ਦੀ ਘੜਮੱਸ ਵਿੱਚ ਸਮਾਂ, ਸ਼ਕਤੀ ਖੋਰਨ ਦਾ। ਉਹਨਾਂ ਕਿਹਾ ਕਿ ਨਿੱਜੀਕਰਣ ਦਾ ਵਿਆਪਕ ਹੱਲਾ, ਰੋਟੀ ਰੋਜ਼ੀ ਅਤੇ ਜ਼ਿੰਦਗੀ ਦੇ ਸਭਨਾਂ ਪੱਖਾਂ 'ਤੇ ਹੱਲਾ ਹੈ। ਚੋਣਾਂ ਮੌਕੇ ਸਾਡੀ ਮੁਹਿੰਮ ਦਾ ਜ਼ੋਰਦਾਰ ਹੋਕਾ ਹੈ ਕਿ ਤਬਕਾਤੀ ਮੰਗਾਂ ਮਸਲਿਆਂ ਦੀਆਂ ਵਲਗਣਾਂ ਵਿੱਚ ਹੀ ਸਿਮਟਕੇ ਰਹਿਣ ਦੀ ਬਜਾਏ, 'ਕੱਲੇ ਕੱਲੇ ਮਾਰ ਨਾ ਖਾਓ, ਕੱਠੇ ਹੋ ਕੇ ਅੱਗੇ ਆਓ' ਦਾ ਨਾਅਰਾ ਘਰ-ਘਰ ਲਿਜਾਣ ਦੀ ਲੋੜ ਹੈ।

ਸੁਖਵਿੰਦਰ ਸਿੰਘ ਨੇ ਕਿਹਾ ਕਿ ਲੋਕਾਂ ਖਿਲਾਫ਼ ਘੜੀਆਂ ਜਾ ਰਹੀਆਂ ਨੀਤੀਆਂ ਸਮੇਂ ਵਿਧਾਨ ਸਭਾਵਾਂ, ਪਾਰਲੀਮੈਂਟਾਂ ਨੂੰ ਕੋਈ ਨਹੀਂ ਪੁੱਛਦਾ ਇਹਨਾਂ ਦੇ ਘਾੜੇ ਸਾਮਰਾਜੀ ਅਤੇ ਦੇਸੀ ਕਾਰਪੋਰੇਟ ਘਰਾਣੇ ਹਨ, ਇਸ ਲਈ ਇਨਕਲਾਬੀ ਮਾਰਗ 'ਤੇ ਨਿਹਚਾ ਪਰਪੱਕ ਕਰਕੇ ਅੱਗੇ ਵਧਣ ਦੀ ਲੋੜ ਹੈ। ਵਿਚਾਰ-ਚਰਚਾ 'ਚ ਕਾਂਤੀ ਮੋਹਨ, ਸੁਖਦੇਵ ਫਗਵਾੜਾ, ਜਸਵਿੰਦਰ ਫਗਵਾੜਾ, ਤਲਵਿੰਦਰ ਸਿੰਘ ਨੰਗਲ ਖਿਲਾੜੀਆਂ, ਸੁਰਿੰਦਰ ਕੁਮਾਰੀ ਕੋਛੜ, ਹਰਭਜਨ ਸਿੰਘ ਨੇ ਵੀ ਵਿਚਾਰ ਰੱਖੇ। ਸਮਾਗਮ 'ਚ ਮੰਚ ਸੰਚਾਲਕ ਦੀ ਭੂਮਿਕਾ ਤੀਰਥ ਰਸੂਲਪੁਰੀ ਨੇ ਅਦਾ ਕੀਤੀ।

## ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਵਲੋਂ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਅਪੀਲ,ਤੁਗਲਕਾਬਾਦ ਸ੍ਰੀ ਗੁਰੂ ਰਵਿਦਾਸ ਜੀ ਦੇ ਮੰਦਿਰ ਦੇ ਨਿਰੋਲ ਧਾਰਮਿਕ ਤੇ ਭਾਵਨਾਤਮਿਕ ਮਸਲੇ ਨੂੰ ਹੱਲ ਕਰਵਾਉਣ ਲਈ ਪਹਿਲਕਦਮੀ ਕਰਨ

ਚੰਡੀਗੜ੍ਹ, ਸ਼੍ਰੋਮਣੀ ਅਕਾਲੀ ਦਲ ਸਯੁ-ੁਕਤ ਦੇ ਮੁੱਖੀ ਤੇ ਰਾਜ ਸਭਾ ਮੈਂਬਰ ਸ੍ਰ ਸੁਖਦੇਵ ਸਿੰਘ ਢੀਂਡਸਾ ਨੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਨਾਲ ਪੰਜਾਬ ਨਾਲ ਸਬੰਧਤ ਅਤੇ ਹੋਰਨਾਂ ਮੁੱਦਿਆਂ ਦੇ ਉਤੇ ਮੁਲਾਕਾਤ ਕੀਤੀ ਪਰ ਇਸ ਮੁਲਾਕਾਤ ਦੌਰਾਨ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਸਮੱਸਿਆਵਾਂ ਅਤੇ ਮੁੱਦਿਆਂ ਨੂੰ ਵਿਚਾਰਿਆ ਹੀ ਨਹੀਂ ਗਿਆ। ਮੀਟਿੰਗ ਦੌਰਾਨ ਮੁੱਦਿਆਂ ਨੂੰ ਵਿਚਾਰਿਆਂ ਨਾ ਜਾਣ ਦਾ ਨੈਸ਼ਨਲ ਸ਼ਡਿਊਲਡ ਕਾਸਟਸ ਅਲ-ਾਇੰਸ ਨੇ ਰੋਸ ਦਾ ਪ੍ਰਗਟਾਵਾ ਕੀਤਾ ਹੈ ਅਲਾਇੰਸ ਦੇ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਕਿਹਾ ਹੈ ਕਿ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਤੁਗਲਕਾਬਾਦ ਦੇ ਮੰਦਿਰ ਵਾਲਾ ਮਸਲਾ ਪਿਛਲੇ ਸਾਲਾਂ ਤੋਂ ਲਟਕਿਆਂ ਪਿਆ ਹੈ ਜਿਸ ਦਾ ਅਜੇ ਤੱਕ ਕੋਈ ਵੀ ਸਾਰਥਕ ਹੱਲ ਲੱਭਿਆ ਨਹੀਂ ਗਿਆ ਜਿਸ ਕਾਰਨ ਅਨੁਸੂਚਿਤ ਜਾਤੀਆਂ ਦੇ ਸਮਾਜ ਦੇ ਵੱਡੇ ਵਰਗ ਵਿਚ ਨਿਰਾ-ਸ਼ਾ, ਰੋਸ ਅਤੇ ਆਕ੍ਰੋਸ਼ ਹੈ ਕੇਂਦਰ ਸਰਕਾਰ ਨੂੰ ਮਸਲਾ ਦੇ ਹੱਲ ਲਈ ਉਸਾਰੂ ਭੂਮਿਕਾ ਨਿਭਾਉਣ ਵੱਲ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਮਾਣਯੋਗ ਸੁਪਰੀਮ ਕੋਰਟ ਨੇ ਇਸ ਮਸਲੇ ਦਾ ਨਿਪਟਾਰਾ ਕਰ ਦਿੱਤਾ ਹੈ ਇਹ ਨਿਰੋਲ ਧਾਰਮਿਕ ਤੇ ਭਾਵਨਾਤਮਿਕ ਮੁੱਦਾ ਹੈ ਜਿਸ ਕਾਰਨ ਕਰੋੜਾਂ ਰਵਿਦਾਸੀਆ ਸਮਾਜ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ ਇਨਾਂ ਭਾਵਨਾਵਾਂ ਦਾ ਕੇਂਦਰ ਸਰਕਾਰ ਨੂੰ ਸਨਮਾਨ ਕਰਨਾ ਚਾਹੀਦਾ ਹੈ ਜਿਸ ਨਾਲ ਸਮਾਜ ਵਿਚ ਪੈਦਾ ਹੋ ਰਹੇ ਰੋਸ ਨੂੰ ਸ਼ਾਂਤ ਕਰਨਾ ਚਾਹੀਦਾ ਹੈ। ਕੇਂਦਰ ਸਰਕਾਰ ਨੂੰ ਇਸ ਵੱਲ ਤੁਰੰਤ ਧਿਆਨ ਦੇਣਾ ਚਾਹੀਦਾ ਹੈ ਜਿਸ ਨਾਲ ਸਮਾਜ ਵਿਚ ਪੈਦਾ ਹੋ ਰਹੇ ਰੋਸ ਨੂੰ ਸ਼ਾਂਤ ਕੀਤਾ ਜਾ ਸਕੇ। ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਨੂੰ ਨੈਸ਼ਨਲ ਸ਼ਡਿਓ-ੂਲਡ ਕਾਸਟ ਅਲਾਇੰਸ ਦੇ ਮੁੱਖੀ ਨੇ ਇਹ ਅਪੀਲ ਕਰਦਿਆਂ ਕਿਹਾ ਕਿ ਕੇਂਦਰੀ ਕੈ-ਬਨਿਟ ਦੇ ਵਿੱਚ ਇਸ ਮਸਲੇ ਦਾ ਤੁਰੰਤ ਨਿਪਟਾਰਾ ਕਰਨ ਲਈ ਪਹਿਲਕਦਮੀ ਕਰਕੇ ਮਤਾ ਪਾਸ ਕੀਤਾ ਜਾਣਾ ਚਾਹੀਦਾ ਹੈ ਜਿਸ ਨਾਲ ਸਮਾਜ ਦੀਆਂ ਭਾਵਨਾਵਾਂ ਆਦਰ ਸਤਿਕਾਰ ਸਹਿਤ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਵਸ ਮੌਕੇ ਤੁਗਲਕਾਬਾਦ ਦਿੱਲੀ ਵਾਲੇ ਮੰਦਿਰ ਦੇ ਮਸਲੇ ਨੂੰ ਹੱਲ ਕਰਕੇ ਸਬੰਧਤ ਭਾਈ-ਚਾਰੇ ਨੂੰ ਤੋਹਫ਼ਾ ਦਿੱਤਾ ਜਾਣਾ ਚਾਹੀਦਾ ਹੈ ਤੇ ਰਵਿਦਾਸੀਆ ਸਮਾਜ ਨੂੰ ਇਸ ਮੌਕੇ ਉੱਤੇ ਇਸ ਮੰਦਿਰ ਦੀ ਪ੍ਰਸ਼ਾਸਨਿਕ ਪ੍ਰਕਿਰਿਆ ਨੂੰ ਪੂਰਾ ਕਰਕੇ ਸਮਾਜ ਦੇ ਹਵਾਲੇ ਕੀਤਾ ਜਾਣਾ ਚਾਹੀਦਾ ਹੈ। ਤਾਂ ਜੋ ਰਵਿਦਾਸੀਆਂ ਸਮਾਜ ਵੱਲੋਂ ਮੰਦਿਰ ਦੀ ਉਸਾਰੀ ਦਾ ਕੰਮ ਸ਼ੁਰੂ ਕੀਤਾ ਜਾ ਸਕੇ।



## ਬਾਬਾ ਦੀਪ ਸਿੰਘ ਦਾ ਜਨਮ ਦਿਹਾੜਾ ਮਨਾਇਆ

ਗੁਰਦਵਾਰਾ ਸੱਚਾ ਮਾਰਗ ਆਬਰਨ ਵਾਸ਼ਿੰਗਟਨ ਵਿਖੇ ਬਾਬਾ ਦੀਪ ਸਿੰਘ ਗਰੁੱਪ ਆਬਰਨ (ਬੀਬੀਆਂ ਦਾ ਜਥਾ) ਵਲੋਂ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਬਹੁਤ ਹੀ ਸ਼ਰਧਾ ਨਾਲ ਮਨਾਇਆ ਗਿਆ. ਇਸ ਮੌਕੇ ਤੇ ਰਾਗੀ ਸਿੰਘਾਂ ਵਲੋਂ ਕੀਰਤਨ ਕੀਤਾ ਗਿਆ ਅਤੇ ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ:) ਵਲੋਂ ਸ਼ਾਨਦਾਰ ਕਵੀ ਦਰਬਾਰ ਵੀ ਕਰਵਾਇਆ ਗਿਆ. ਬੀਬੀਆਂ ਦੇ ਜਥੇ ਵਲੋਂ ਤਿਆਰ ਕੀਤੇ ਗੁਰੂ ਕੇ ਲੰਗਰ ਅਟੁੱਟ ਵਰਤੇ. ਇਸ ਸਮਾਗਮ ਵਿਚ ਲਾਲੀ ਸੰਧੂ, ਰੂਪ ਸੰਧੂ, ਹਰਦਿਆਲ ਸਿੰਘ ਚੀਮਾ ਵਹਿਨੀਵਾਲ, ਯਸ਼ ਸਾਥੀ, ਸ਼ੈਰਨ ਸਾਥੀ, ਸੁਰਜੀਤ ਸਿੰਘ ਬੈਂਸ, ਬਲਿ-ਹਾਰ ਲੇਹਲ, ਬਲਵੰਤ ਰਾਣਾ ਅਤੇ ਹੋਰ ਸਮੂਹ ਸੰਗਤਾਂ ਵਲੋਂ ਸਹਿਯੋਗ ਦਿੱਤਾ ਗਿਆ. ਵਾਸ਼ਿੰਗਟਨ ਸਟੇਟ ਵਿੱਚ ਨਵੇਂ ਬਣੇ ਸਿੱਖ ਮੋਟਰ ਸਾਈਕਲ ਕਲੱਬ ਵਲੋਂ ਵਿਸ਼ੇਸ਼ ਸ਼ਮੂਲੀਅਤ ਕੀਤੀ ਗਈ. ਸਮੂਹ ਸੰਗਤ ਵਲੋਂ ਬਾਬਾ ਦੀਪ ਸਿੰਘ ਦੀ ਯਾਦ ਵਿੱਚ ਹਰ ਸਾਲ ਇਸ ਤਰਾਂ ਸਮਾਗਮ ਅਤੇ ਕਵੀ ਦਰਬਾਰ ਕਰਵਾਉਣ ਦਾ ਵਾਅਦਾ ਕੀਤਾ ਗਿਆ .



## ਜਰਨੈਲ ਨੰਗਲ ਨੇ ਫਗਵਾੜਾ ਦੇ ਬਾਜਾਰਾਂ 'ਚ ਡੋਰ ਟੂ ਡੋਰ ਵੋਟਰਾਂ ਨਾਲ ਕੀਤਾ ਰਾਬਤਾ

ਫਗਵਾੜਾ 5 ਫਰਵਰੀ (ਬੀ.ਕੇ.ਰੱਤੂ ) ਹਲਕਾ ਵਿਧਾਨਸਭਾ ਫਗਵਾੜਾ ਤੋਂ ਲੋਕ ਇਨਸਾਫ ਪਾਰਟੀ ਦੇ ਉ-ਮੀਦਵਾਰ ਜਰਨੈਲ ਨੰਗਲ ਨੇ ਅੱਜ ਪਾਰਟੀ ਵਰਕਰਾਂ ਸਮੇਤ ਆਪਣੀ ਚੋਣ ਪ੍ਰਚਾਰ ਮੁਹਿਮ ਨੂੰ ਗਤੀ ਦਿੰਦਿਆਂ ਸ਼ਹਿਰੀ ਇਲਾਕਿਆਂ 'ਚ ਡੋਰ-ਟੂ-ਡੋਰ ਵੋਟਰਾਂ ਨਾਲ ਰਾਬਤਾ ਕਾਇਮ ਕੀਤਾ। ਉਹਨਾਂ ਫਗਵਾੜਾ ਦੇ ਸਿਨੇਮਾ ਰੋਡ, ਗਊਸ਼ਾਲਾ ਬਾਜਾਰ ਸਮੇਤ ਹੋਰ ਇਲਾਕਿਆਂ ਵਿਚ ਦੁਕਾਨਦਾਰਾਂ ਨੂੰ ਲੋਕ ਇਨਸਾਫ ਪਾਰਟੀ ਦੀਆਂ ਨੀਤੀਆਂ ਨਾਲ ਜਾਣੂ ਕਰਵਾਇਆ ਅਤੇ ਕਿਹਾ ਕਿ ਕਾਂਗਰਸ, ਅਕਾਲੀ ਦਲ, ਭਾਜਪਾ ਤੇ ਆਮ ਆਦਮੀ ਪਾਰਟੀ ਵਲੋਂ ਹਮੇਸ਼ਾ ਲੋਕਾਂ ਨੂੰ ਚੋਣਾਂ ਦੌਰਾਨ ਝੂਠ ਬੋਲ ਕੇ



ਵਰਗਲਾਇਆ ਜਾਂਦਾ ਹੈ ਪਰ ਜਦੋਂ ਸੱਤਾ ਵਿਚ ਆਉਂਦੇ ਹਨ ਤਾਂ ਆਪਣੇ ਹਰ ਵਾਅਦੇ ਨੂੰ ਭੁੱਲ ਜਾਂਦੇ ਹਨ। ਦੁਕਾਨਦ-ਾਰਾਂ ਨੇ ਵੀ ਉਹਨਾਂ ਦੀ ਗੱਲ ਨਾਲ ਸਹਿ-ਮਤੀ ਪ੍ਰਗਟਾਈ ਅਤੇ ਕਿਹਾ ਕਿ ਹਰ ਚੋਣ ਸਮੇਂ ਵੱਖ ਵੱਖ ਪਾਰ-ਟੀਆਂ ਦੇ ਲੀਡਰ ਉਹਨਾਂ ਨੂੰ ਬਾਜਾਰ ਵਿਚ ਬਰਸ-ਾਤੀ ਪਾਣੀ ਦੀ ਨਿਕਾਸੀ ਦੀ ਸਮੱਸਿਆ ਦਾ ਢੁਕਵਾਂ ਹਲ ਕਰਨ ਦਾ ਭਰੋਸਾ ਦਿੰਦੇ ਹਨ ਪਰ ਅੱਜ ਤੱਕ ਕਿਸੇ ਵੀ ਪਾਰਟੀ ਨੇ ਉਹਨਾਂ ਦੀ ਇਸ ਸਮੱਸਿਆ ਨੂੰ ਹਲ ਕਰਨ ਵਿਚ ਕੋਈ ਦਿਲਚਸਪੀ ਨਹੀਂ ਦਿਖ-ਾਈ। ਜਰਨੈਲ ਨੰਗਲ ਨੇ ਭਰੋਸਾ ਦਿੱਤਾ ਕਿ ਜੇਕਰ ਫਗਵਾੜਾ ਦੇ ਸੂਝਵਾਨ ਵੋਟਰ ਉਹਨਾਂ ਨੂੰ ਬਤੌਰ ਵਿਧ-ਾਇਕ ਸੇਵਾਵਾਂ ਨਿਭਾਉਣ ਦਾ ਮੌਕਾ ਦੇਣਗੇ ਤਾਂ ਫਗਵਾੜਾ ਨੂੰ ਜਿਲ੍ਹੇ ਦਾ ਦਰਜਾ ਦੁਆਉਣ ਦੇ ਨਾਲ ਹੀ ਸਮੇਂ ਦੀ ਸਰਕਾਰ ਤੋਂ ਇਸ ਸਮੱਸਿਆ ਦਾ ਵੀ ਸਥਾਈ ਹੱਲ ਕਰਵਾਇਆ ਜਾਵੇਗਾ। ਇਸ ਦੌਰਾਨ ਦੁਕਾਨਦਾਰਾਂ ਨੇ ਜਰਨੈਲ ਨੰਗਲ ਨੂੰ ਸਿ-ਰੋਪੇ ਅਤੇ ਹਾਰ ਪਹਿਨਾ ਕੇ ਨਿੱਘਾ ਸਵਾਗਤ ਕੀਤਾ। ਇਸ ਮੌਕੇ ਬਲਰਾਜ ਬਾਊ ਸ਼ਹਿਰੀ ਪ੍ਰਧਾਨ, ਬਲਵੀਰ ਠਾਕੁਰ ਇੰਚਾਰਜ ਸ਼ਹਿਰੀ, ਡਾ. ਸੁਖਦੇਵ ਚੌਕੜੀਆ ਜਿਲ੍ਹਾ ਇੰਚਾਰਜ ਤੋਂ ਇਲਾਵਾ ਲਲਿਤ ਮਦਾਨ, ਬਲਜਿੰਦਰ ਝੱਲੀ, ਪੰਡਿਤ ਅਨਿਲ ਸ਼ਰਮਾ, ਡਾ. ਪਰਮਜੀਤ ਦੁੱਗਾਂ, ਮਾਸਟਰ ਸ਼ੱਮੀ ਕਪੂਰ, ਸ਼ਮੀ ਬੰਗੜ, ਰਾਜਕੁਮਾਰ, ਮੈਡਮ ਪਰਵੀਨ ਠਾਕੁਰ, ਮੋਨਾ ਠੱਕਰਕੀ, ਰੀਨਾ ਤੇ ਨੀਨਾ, ਪਰਮਜੀਤ ਕੌਰ, ਹਰਜੀਤ ਕੌਰ, ਮਨੀ ਫਗਵਾੜਾ, ਕੁਲਵਿੰਦਰ ਸਿੰਘ ਕਿੰਦਾ ਆਦਿ ਹਾਜਰ ਸਨ।

ਦੇਸ਼ ਦੁਆਬਾ

# NIGHTINGALE OF INDIA

## LATA MANGESHKAR IS NO MORE

Lata Mangeshkar, a queen of melody and Nightingale of India, bid farewell to the world on February 6, 2022 at the age of 92 years. The whole of India and the entire Indian diaspora, impacted by her scintillating music, plunged into a mournful silence with the demise of this unparalled icon in the field of music. Lata Ji was born on September 28, 1929 in Indore Madhya Pradesh in a family of musicians. She inherited her musical talents from her father, Pandit Dina Nath Mangeshkar who was an accomplished vocalist and a theatrical artist in his time. At a very young age of only 13 years, Lata Ji unfortunately lost her father and she, being the eldest child in the family, had to carry the entire financial responsibility to raise a large family left behind. This also kept her away from school education.

Lata Mangeshkar, being the most well-known doyen in the field of singing, dominated the Bollywood Film Industry for more than seven decades with her God-gifted and melodious voice. She has lent her mesmerizing voice in singing to the most glamorous and top heroines of Indian film Industry.During her long singing career she sang more than twenty five thousand solo songs in 36 languages for about 1000 movies and became an iconic figure in the field of music and singing. Her voice had the tenacity and the power of impacting the emotions of her listeners. One of the most famous and patriotic songs "AE MERE **WATAN KE LOGO"** sung by her on January 26, 1963 in the national stadium, New Delhi to honor the valourand martyrdom of Indian soldiers who sacrificed their lives in Indo-China War of 1962, brought tears in the eyes of Pandit Jawahar Lal Nehru, the then Prime Minister of India.

**AWARDS:** A recipient of many National Awards including **BHARAT RATNA** and **DADASAHEB FALKE AWARD,** Lata Mangeshkar has left an indelible imprint not only on the minds of her fans and admirers but on the entire **FILMDOM.**

**END OF A GOLDEN ERA:** With the passing away of Lata Ji, a golden era of a living legend has come to an end. But death is inevitable and prerogative of Almighty God and everyone who is born has to go sooner or later, but one's impeccable contributions to society continue to live and remain embalmed in the minds and souls of those who love and adore them. Prime Minister Narinder Modi and many other distinguished political leaders and artists of Bollywood attended her funeral with their deep condolences to the bereaved family.

I express my heartfelt condolences through the esteemed columns of **Ambedkar Times** and **Desh Doaba** Weeklies to the bereaved members of Lata Ji's family with prayers for peace and tranquility of the departed noble soul who impacted millions worldover with her god-gifted talents which have immortalized her.

**O.P. Balley**
**Founder Member**
**Sri Guru Ravidass Sabha,Pittsburg (CA)**
**925-252-6085**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖ਼ਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-184

## ਜਰਾਸੰਧ ਤੇ ਹੰਕਾਰ



**ਅਵਤਾਰ ਸਿੰਘ ਮਿਸ਼ਨਰੀ**
**510-432-5827**

ਜਿੰਨ੍ਹਾਂ ਜਿੰਨ੍ਹਾਂ ਮਹਾਂਰਥੀ ਰਾਜਿਆਂ ਨੂੰ ਕ੍ਰਿਸ਼ਨ ਨੇ ਜੰਗ ਦੇ ਅਸੂਲ ਛਿੱਕੇ 'ਤੇ ਟੰਗ ਧੋਖੇ ਛਡਜੰਤ੍ਰ ਨਾਲ ਮਾਰਿਆ ਉਨ੍ਹਾਂ ਚੋਂ ਹੀ ਇਕ ਜਰਾਸੰਧ ਜੋ ਸ਼ਿਵਜੀ ਦਾ ਅੰਨਨ ਭਗਤ ਸੀ। ਇਹ ਮਗਧ ਦਾ ਰਾਜਾ ਬ੍ਰਿਹਦਰਥ ਦਾ ਪੁੱਤਰ, ਕੰਸ ਦਾ ਸਹੁਰਾ ਤੇ ਕ੍ਰਿਸ਼ਨ ਦਾ ਵੱਡਾ ਵੈਰੀ ਸੀ। ਇਸ ਨੇ ਬਹੁਤ ਰਾਜਿਆ ਪਰ ਜਿੱਤ ਪ੍ਰਾਪਤ ਕੀਤੀ। ਇਸ ਦਾ ਕ੍ਰਿਸ਼ਨ ਜੀ ਨਾਲ ੧੯ ਵਾਰ ਯੁੱਧ ਹੋਇਆ। ਮਹਾਭਾਰਤ ਵਿੱਚ ਲੇਖ ਹੈ ਕਿ ਰਾਜਾ ਬ੍ਰਿਹਦਰਥ ਨੇ ਸੰਤਾਨ ਲਈ ਚੰਡਕੌਸ਼ਿਕ ਰਿਖੀ ਤੋਂ ਇੱਕ ਫਲ ਪ੍ਰਾਪਤ ਕੀਤਾ। ਬ੍ਰਿਹਦਰਥ ਨੇ ਇਹ ਫਲ ਦੋ ਟੁਕੜੇ ਕਰਕੇ ਆਪਣੀਆਂ ਦੋ ਰਾਣੀਆਂ ਨੂੰ ਦਿੱਤਾ ਜਿਨ੍ਹਾਂ ਤੋਂ ਅੱਧਾ ਅੱਧਾ ਟੁਕੜਾ ਬਾਲਕ ਦਾ ਪੈਦਾ ਹੋਇਆ। ਰਾਜੇ ਨੇ ਇਹ ਦੋਵੇਂ ਟੁਕੜੇ ਸ਼ਮਸ਼ਾਨ ਵਿੱਚ ਸਿਟਵਾ ਦਿੱਤੇ। ਉਸ ਥਾਂ ਇੱਕ ਜਰਾ ਨਾਮ ਰਾਖਸੀ ਰਹਿੰਦੀ ਸੀ। ਉਸ ਨੇ ਦੋਵੇਂ ਖੰਡ ਜੋੜਕੇ ਬੱਚਾ ਜ਼ਿੰਦਾ ਕਰ ਲਿਆ ਅਤੇ ਬ੍ਰਿਹਦਰਥ ਨੂੰ ਬਾਲਕ ਦੇ ਕੇ ਆਖਿਆ ਕਿ ਇਹ ਮਹਾਪ੍ਰਤਾਪੀ ਹੋਵੇਗਾ ਅਰ ਜਦ ਤੀਕ ਇਸ ਦਾ ਜੋੜ ਨਾ ਖੁਲ੍ਹੇਗਾ ਤਦ ਤੀਕ ਇਸ ਦੀ ਮੌਤ ਨਹੀਂ ਹੋਵੇਗੀ। ਜਰਾਸੰਧ ਪ੍ਰਤਾਪੀ ਰਾਜਾ ਹੋਇਆ ਅਤੇ ਇਸ ਦੀਆਂ ਦੋ ਪੁਤ੍ਰੀਆਂ 'ਅਸਤਿ ਤੇ ਪ੍ਰਾਪਤੀ' ਕੰਸ ਨੂੰ ਵਿਆਹੀਆਂ ਗਈਆਂ। ਜਰਾਸੰਧ ਦੀ ਸਹਾਇਤਾ ਨਾਲ ਕੰਸ ਨੇ ਆਪਣੇ ਪਿਤਾ ਉਗ੍ਰਸੈਨ ਨੂੰ ਗੱਦੀਓਂ ਲਾਹ ਕੇ ਆਪ ਰਾਜ ਸਾਂਭਿਆ। ਜਦ ਕ੍ਰਿਸਨ ਜੀ ਨੇ ਅਸਤਿ ਤੇ ਪ੍ਰਾਪਤੀ ਦੇ ਪਤੀ ਕੰਸ ਮਾਰ ਕੇ ਉਗ੍ਰਸੇਨ ਮਥੁਰਾ ਦਾ ਰਾਜਾ ਥਾਪਿਆ ਤਦ ਜਰਾਸੰਧ ਨੂੰ ਬਹੁਤ ਕ੍ਰੋਧ ਆਇਆ ਅਰ ਆਪਣੇ ਸਹਾਈ ਕਾਲਯਵਨ ਨੂੰ ਲੈ ਕੇ ਮਥੁਰਾ 'ਤੇ ਚੜ੍ਹਾਈ ਕੀਤੀ ਜਿਸ ਕਰਕੇ ਹਮੇਸ਼ਾ ਲਈ ਯਾਦਵਾਂ ਨੂੰ ਮਥੁਰਾ ਛੱਡਣੀ ਪਈ। ਯੁਧਿਸ਼ਟਰ ਦੇ ਰਾਜਸੀ ਯਗ ਵੇਲੇ ਸ੍ਰੀ ਕ੍ਰਿਸਨ ਅਰਜਨ ਅਤੇ ਭੀਮ ਜਰਾਸੰਧ ਦੇ ਘਰ ਬ੍ਰਹਮਚਾਰੀ ਬਣਕੇ ਗਏ ਅਤੇ ਯੁੱਧ ਮੰਗਿਆ। ਜਰਾਸੰਧ ਭੀਮ ਨਾਲ ਦ੍ਵੰਦਯੁੱਧ ਕਰਨ ਲੱਗਾ ਤਾਂ ਕ੍ਰਿਸਨ ਜੀ ਨੇ ਇੱਕ ਤਿਣਕਾ ਚੀਰ ਕੇ ਭੀਮ ਨੂੰ ਸਮਝਾਇਆ ਕਿ ਜਰਾਸੰਧ ਦੇ ਸ਼ਰੀਰ ਨੂੰ ਦੋ ਟੁਕੜੇ ਕਰ ਦੇ। ਭੀਮ ਨੇ ਜਰਾ ਰਾਖਸੀ ਦਾ ਲਾਇਆ ਜੋੜ ਖੋਲ੍ਹ ਦਿੱਤਾ ਅਤੇ ਜਰਾਸੰਧ ਦਾ ਅੰਤ ਹੋਇਆ-ਜਰਾਸੰਧਿ ਕਾਲਜਮੁਨ ਸੰਘਾਰੇ॥ (ਗਉੜੀ ਮਃ ੧-੨੨੪)(ਮਹਾਨਕੋਸ਼)

ਗੁਰੂ ਜੀ ਨੇ ਉਪ੍ਰੋਕਤ ਪੌਰਾਣਿਕ ਮਿਥਿਹਾਸਕ ਪ੍ਰਚਲਤ ਕਥਾ ਦਾ ਹਵਾਲਾ ਦੇ ਕੇ ਸਮਝਾਇਆ ਹੈ ਕਿ ਮੰਨ ਲਓ ਜੇ ਅਜਿਹੇ ਵੱਡੇ ਹੰਕਾਰੀ ਰਾਜੇ ਹੋਏ ਵੀ ਨੇ ਤਾਂ ਉਹ ਵੀ ਹੰਕਾਰਵੱਸ ਲੜ-ਲੜ ਕੇ ਮਰ ਗਏ।

ਇਸ ਲਈ ਸਾਨੂੰ ਹੰਕਾਰ ਨਹੀਂ ਕਰਨਾ ਚਾਹੀਦਾ। 'ਹੰਕਾਰਿਆ ਸੋ ਮਾਰਿਆ' ਅਖਾਣ ਇਸ ਭਾਵ ਨਾਲ ਵਰਤਿਆ ਗਿਆ ਹੈ। ਹੰਕਾਰ ਨਾਲ ਭਰਿਆ ਮਨੁੱਖ ਹਰ ਵੇਲੇ ਦੂਜੇ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ। ਉਸ ਵਿਚ ਦੋਸਤੀ ਦਾ ਨਿੱਘ ਉੱਕਾ ਹੀ ਨਹੀਂ ਹੁੰਦਾ। ਗੁਰਬਾਣੀ ਦਾ ਫ਼ੁਰਮਾਨ ਹੈ-

ਸਲੋਕੁ॥ ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ॥ ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ॥੧॥ (੨੭੮)

ਗਰੀਬੀ ਸੁਭਾਉ ਵਾਲਾ ਬੰਦਾ ਆਪਾ-ਭਾਵ ਦੂਰ ਕਰ ਤੇ ਨੀਵਾਂ ਰਹਿ ਕੇ ਸੁਖੀ ਵੱਸਦੈ ਪਰ ਵੱਡੇ-ਵੱਡੇ ਅਹੰਕਾਰੀ ਮਨੁੱਖ ਹੇ ਨਾਨਕ! ਅਹੰਕਾਰ ਵਿੱਚ ਹੀ ਗਲ ਜਾਂਦੇ ਹਨ। ਯਾਦਵਾਂ ਦੀਆਂ ਕੁਲਾਂ ਵੀ ਐਸੇ ਹੀ ਨਾਸ ਹੋਈਆਂ। ਕਵੀ ਲਿਖਦੈ ਕਿ-ਕਯੋ ਕਹੋ ਕ੍ਰਿਸ਼ਨ ਕ੍ਰਿਪਾਨਿਧਿ ਹੈ ਕਿਹ ਕਾਜ ਤੇ ਬਧਕ ਬਾਣੁ ਲਗਾਯੋ॥ ਅਉਰ ਕੁਲੀਨ ਉਧਾਰਤ ਜੋ ਕਿਹ ਤੇ ਆਪਨੋ ਕੁਲਿ ਨਾਸੁ ਕਰਾਯੋ॥ ਆਸੋ ਆਪਾਂ ਇਸ ਹਵਾਲੇ ਤੋਂ ਇਹ ਸਿਖਆ ਲੈਣੀ ਹੈ ਕਿ ਹੰਕਾਰੀ ਮਨੁੱਖ ਆਪਣੀਆਂ ਕੁਲਾਂ ਤੱਕ ਨਾਸ ਕਰਵਾ ਲੈਂਦਾ ਹੈ।

# ਸੰਗੀਤ ਦੀ ਦੇਵੀ ਲਤਾ ਮੰਗੇਸ਼ਕਰ

ਇਹ ਗੱਲ ਜਿਹੜੀ ਮੈਂ ਸੁਣਾ ਰਿਹਾ ਹਾਂ ਇਹ ਲੰਮਾ ਸਮਾਂ ਪਹਿਲਾਂ ਮੈਂ ਲਤਾ ਮੰਗੇਸ਼ਕਰ ਜੀ ਦੀ ਇੱਕ ਇੰਟਰਵਿਊ ਚੋਂ ਸੁਣੀ ਸੀ ਪਰ ਵਿੱਸਰੀ ਰਹੀ।

ਕੁਝ ਸਾਲ ਪਹਿਲਾਂ ਸਾਡਾ ਪੰਜਾਬੀ ਪੁੱਤਰ ਦੇਵਿੰਦਰਪਾਲ ਸਿੰਘ ਇੰਡ-ੀਅਨ ਆਈਡੋਲ ਬਣਿਆ ਤਾਂ ਲਤਾ ਜੀ ਜੱਜ ਸਨ। ਉਨ੍ਹਾਂ ਦੇਵਿੰਦਰਪਾਲ ਨੂੰ ਸੁਰਵੰਤਾ ਹੋਣ ਕਾਰਨ ਰੱਜਵਾਂ ਪਿਆਰ ਦਿੱਤਾ ਤੇ ਕਈ ਵਾਰ ਆਪਣੇ ਘਰ ਬੁਲਾਇਆ।

ਦੇਵਿੰਦਰਪਾਲ ਸਿੰਘ ਨੇ ਇਹ ਗੱਲ ਆਪਣੇ ਉਸਤਾਦ ਪ੍ਰਿੰਸੀਪਲ ਸੁਖਵੰਤ ਸਿੰਘ ਜਵੱਦੀ ਟਕਸਾਲ ਵਾਲਿਆਂ ਨੂੰ ਦੱਸੀ।

ਇਹ ਵੀ ਦੱਸਿਆ ਕਿ ਲਤਾ ਜੀ ਦੇ ਭਤੀਜੇ ਅਦਿੱਤਯ ਮੰ-ਗੇਸ਼ਕਰ ਮੁਤਾਬਕ ਉਹ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਦਾ ਕੀਰਤਨ ਅਕਸਰ ਸੁਣਦੇ ਹਨ ਤੇ ਮਿਲਣਾ ਵੀ ਚਾਹੁੰਦੇ ਹਨ।

ਭਾਈ ਸਾਹਿਬ ਹਰਜਿੰਦਰ ਸਿੰਘ ਤੇ ਪ੍ਰਿੰਸੀਪਲ ਸੁਖਵੰਤ ਸਿੰਘ ਜੀ ਦੇ ਮਨ ਚ ਵੀ ਇਹ ਚਿਰੋਕਣੀ ਤਾਂਘ ਸੀ ਸੰਗੀਤ ਦੀ ਸਰਸਵਤੀ ਦੇਵੀ ਲਤਾ ਜੀ ਨੂੰ ਮਿਲਣ ਦੀ।

ਭਾਈ ਹਰਜਿੰਦਰ ਸਿੰਘ ਤੇ ਪ੍ਰਿੰਸੀਪਲ ਸੁਖਵੰਤ ਸਿੰਘ ਦੋਵੇਂ ਦੇਵਿੰਦਰਪਾਲ ਦੇ ਨਾਲ ਲਤਾ ਮੰਗੇਸ਼ਕਰ ਜੀ ਦੇ ਘਰ ਮਿਲਣ ਲਈ ਮੁੰਬਈ ਚਲੇ ਗਏ। ਇਹ 2013 ਜਾਂ 2014 ਦੀ ਗੱਲ ਹੈ।

ਉਹ ਬੇਹੱਦ ਸਨੇਹ ਨਾਲ ਮਿਲੇ। ਦੋ ਢਾਈ ਘੰਟੇ ਬਚਪਨ ਤੋਂ ਹੁਣ ਤੀਕ ਦੀਆਂ ਗੱਲਾਂ ਚੱਲੀਆਂ।

ਉਨ੍ਹਾਂ ਦੱਸਿਆ ਕਿ ਅਸੀਂ ਸਾਰਾ ਪਰਿਵਾਰ ਬਚਪਨ ਵੇਲੇ ਤੋਪਖਾਨਾ ਮੁਹੱਲਾ ਇੰਦੌਰ (ਮੱਧ ਪਰਦੇਸ਼) ਵਿੱਚ ਰਹਿੰਦੇ ਸਾਂ। ਇਹ ਮੁਹੱਲਾ ਸਿੱਖ ਬਹੁ ਗਿਣਤੀ ਦਾ ਹੋਣ ਕਾਰਨ ਅਸੀਂ ਤਿੰਨੇ ਭੈਣਾਂ ਲਤਾ, ਆਸ਼ਾ ਤੇ ਊਸ਼ਾ ਮੰਗੇਸ਼ਕਰ ਰੋਜ਼ਾਨਾ ਗੁਰਦ-ਵਾਰੇ ਜ਼ਰੂਰ ਜਾਂਦੀਆਂ।

ਮੇਰੀ ਗੁੱਤ ਬਹੁਤ ਲੰਮੀ ਸੀ। ਮੈਂ ਸਾਰੀ ਉਮਰ ਵਾਲਾਂ ਨੂੰ ਕੈਂਚੀ ਨਹੀਂ ਛੁਹਾਈ।

ਇਸ ਪਿੱਛੇ ਅਜੀਬ ਕਾਰਨ ਸੀ। ਮੇਰੇ ਸੰਗੀਤ ਗੁਰੂ ਜੀ ਨੇ ਬਚਪਨ ਵੇਲੇ ਹੀ ਮਨ ਚ ਬਿਠਾ ਦਿੱਤਾ ਸੀ ਕਿ ਜੇ ਤੂੰ ਵਾਲ ਕੱਟੇਂਗੀ ਤਾਂ ਤੇਰੀ ਆਵਾਜ਼ ਖ਼ਰਾਬ ਹੋ ਜਾਵੇਗੀ।

ਮੈਂ ਇਸ ਗੱਲ ਨੂੰ ਵਿਸ਼ਵਾਸ ਵਾਂਗ ਪੁਗ-ਾਇਆ ਹੈ। ਹੁਣ ਵੀ ਮੇਰੀ ਗੁੱਤ ਓਨੀ ਲੰਮੀ ਹੈ।

ਪ੍ਰਿੰਸੀਪਲ ਸੁਖਵੰਤ ਸਿੰਘ ਦੇ ਮਨ ਚ ਉਤ-ਸੁਕਤਾ ਵਧੀ। ਇਸ ਦਾ ਕਾਰਨ ਸੀ ਕਿ ਉਸ ਦੇ ਆਪਣੇ ਸੰਗੀਤ ਉਸਤਾਦ ਸਃ ਸਰਵਣ ਸਿੰਘ ਜੀ ਦੀ ਦਾੜ੍ਹੀ ਉਨ੍ਹਾਂ ਦੇ ਕੱਦ ਤੋਂ ਲੰਮੇਰੀ ਹੈ।

ਪ੍ਰਿੰਸੀਪਲ ਸੁਖਵੰਤ ਸਿੰਘ ਨੇ ਲਤਾ ਜੀ ਨੂੰ ਗੁੱਤ ਦਾ ਜੂੜਾ ਖੋਲ੍ਹ ਕੇ ਵਿਖਾਉਣ ਦੀ ਬੇਨਤੀ ਕੀਤੀ। ਖੋਲ੍ਹਿਆ ਤਾਂ ਗੁੱਤ ਗੋਡਿਆਂ ਤੋਂ ਵੀ ਹੇਠਾਂ ਤੀਕ ਸੀ।

ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਉਸ ਪਲ ਨੂੰ ਚੇਤੇ ਕਰਕੇ ਹੁਣ ਵੀ ਆਨੰਦ ਵਿਭੋਰ ਹੋ ਜਾਂਦੇ ਹਨ।

ਕੱਲ੍ਹ ਮੈਂ ਤੇ ਭਾਈ ਹਰਜਿੰਦਰ ਸਿੰਘ, ਪ੍ਰਿੰਸੀਪਲ ਸੁਖਵੰਤ ਸਿੰਘ ਤੇ ਦੇਵਿੰਦਰਪਾਲ ਸਿੰਘ ਤਿੰਨੇ ਸਰਦੂਲ ਸਿਕੰਦਰ ਦੇ ਵਰ੍ਹੀਣੇ ਮੌਕੇ ਖੰਨਾ ਚ ਉਸ ਦੇ ਘਰ ਇਕੱਠੇ ਸਾਂ।



ਕੱਲ੍ਹ ਖੰਨਾ ਵਿੱਚ ਸਰਦੂਲ ਸਿਕੰਦਰ ਦੇ ਘਰ ਕਿੰਨੇ ਸੰਗੀਤ ਸੂਰਜ ਪੁੱਜੇ। ਜਿੱਧਰ ਨਜ਼ਰ ਪਵੇ, ਨੂਰੋ ਨੂਰ ਨਜ਼ਾਰਾ। ਸਿਰਫ਼ ਸਰਦੂਲ ਨਹੀਂ ਸੀ। ਹੰਸ ਰਾਜ ਹੰਸ, ਹਰਭਜਨ ਮਾਨ, ਜਸਬੀਰ ਜੱਸੀ, ਹਰਦੀਪ ਮੋਹਾਲੀ ਪੁੱਤਰ ਸਮੇਤ, ਰੋਮੀ ਰੰਜਨ, ਸਰਦਾਰ ਅਲੀ, ਆਸ਼ਕ ਅਲੀ, ਗੁਰਲੇਜ਼ ਅਖ਼ਤਰ, ਕੈਲੀ, ਗੁਰਲੇਜ਼ ਦਾ ਨਿੱਕਾ ਸੁਰਵੰਤਾ ਵੀਰ, ਭਾਈ ਪਿਆਰਾ ਸਿੰਘ ਮਿੱਠਾ ਟਿਵਾਣਾ ਵਾਲੇ, ਸਤਿੰਦਰਪਾਲ ਸਿੰਘ ਸਿੱਧਵਾਂ, ਡਾਃ ਨਿਰਮਲ ਜੌੜਾ, ਜਸਮੇਰ ਸਿੰਘ ਢੱਟ, ਪੰਜਾਬੀ ਫਿਲਮ ਨਗਰੀ ਤੋਂ ਗੁਰਪ੍ਰੀਤ ਕੌਰ ਭੰਗੂ, ਸੰਜੀਵ ਆਨੰਦ, ਦੇਵਿੰਦਰ ਖੰਨੇਵਾਲਾ,ਮਲਕੀਤ ਰੌਣੀ ਤੇ ਕਈ ਹੋਰ। ਪਾਕਿਸਤਾਨ ਤੋਂ ਗ਼ਜ਼ਲ ਸਮਰਾਟ ਗੁਲਾਮ ਅਲੀ ਤੇ ਭਗਵੰਤ ਮਾਨ ਦੇ ਸ਼ੋਕ ਸੰਦੇਸ਼ੜੇ ਹਵਾ ਚ ਤੈਰ ਰੇ ਸਨ। ਮੈਨੂੰ ਇੰਜ ਲੱਗਿਆ ਪਰੂੰ ਗਏ ਸਰਦੂਲ ਨਾਲ ਲਤਾ ਜੀਵਦੀ ਮੁਲਾਕਾਤ ਹੋ ਗਈ ਹੋਵੇਗੀ। ਸਾਨੂੰ ਗਰੀਬ ਕਰਕੇ ਤੁਰ ਗਏ ਦੋਵੇਂ।

ਨਿੱਖੜੇ ਤਾਂ ਹੋਰ ਵੀ ਬਹੁਤ ਗੱਲਾਂ ਚੇਤੇ ਆਈਆਂ। ਸਰਦੂਲ ਦੇ ਵੀਰ ਗਮਦੂਰ ਤੇ ਭਰਪੂਰ ਚੇਤੇ ਆਏ। ਅਮਰ ਨੂਰੀ ਦਾ ਬਾਬਲ ਰੌਸ਼ਨ ਸਾਗਰ, ਉਹਦਾ ਬੇਲੀ ਮਨਚਲਾ, ਉਸਤਾਦ ਜਸਵੰਤ ਭੰਵਰਾ, ਦੀਦਾਰ ਸੰਧੂ ਤੇ ਕਿੰਨੇ ਹੋਰ।

ਅੱਜ ਸਵੇਰੇ ਲਤਾ ਜੀ ਦੇ ਗਾਏ ਗੁਰਬਾਣੀ ਸ਼ਬਦ ਸੁਣਦਿਆਂ ਮੈਂ ਮਹਿਸੂਸ ਕੀਤਾ ਕਿ ਉਹ ਤਾਂ ਸਾਡੀ ਲਤਾ ਮੰਗੇਸ਼ ਕੌਰ ਸੀ। ਅਸੀਂ ਹੀ ਭੁੱਲੇ ਰਹੇ।

ਮੈਨੂੰ ਬਚਪਨ ਚ ਸੁਣੀ ਗੱਲ ਯਾਦ ਆਈ। ਭਾਰਤ ਚੀਨ ਜੰਗ 1962 ਵੇਲੇ ਸ਼ਹੀਦ ਸੈਨਿਕਾਂ ਦੀ ਯਾਦ ਵਿੱਚ ਇੱਕ ਸਮਾਗਮ ਸੀ ਦਿੱਲੀ ਵਿੱਚ। ਏਥੇ ਲਤਾ ਮੰਗੇਸ਼ਕਰ ਜੀ ਨੇ ਗੀਤ ਗਾਇਆ।

ਐ ਮੇਰੇ ਵਤਨ ਕੇ ਲੋਗੋ, ਜ਼ਰਾ ਆਂਖ ਮੇਂ ਭਰ ਲੋ ਪਾਨੀ।

ਜੋ ਸ਼ਹੀਦ ਹੁਏ ਹੈ ਉਨ ਕੀ ਜ਼ਰਾ ਯਾਦ ਕਰੋ ਕੁਰਬਾਨੀ।

ਇਹ ਸੁਣਦਿਆਂ ਹਜ਼ਾਰਾਂ ਲੋਕ ਸੁਬਕ ਰਹੇ ਸਨ। ਅੱਥਰੂ ਅੱਥਰੂ ਸਨ। ਲੱਗਦਾ ਸੀ ਦੁਨੀਆ ਭਰ ਦਾ ਦਰਦ ਲਤਾ ਜੀ ਨੇ ਸ਼ਬਦਾਂ ਚ ਪਰੋ ਦਿੱਤਾ ਹੈ।

ਦੇਸ਼ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਫੁੱਟ ਫੁੱਟ ਰੋ ਪਏ।

ਜਵਾਹਰਲਾਲ ਨਹਿਰੂ ਬਾਰੇ ਮਸ਼ਹੂਰ ਸੀ ਕਿ ਉਹ ਨਾ ਤਾਂ ਕਦੇ ਜਨਤਕ ਰੂਪ ਵਿੱਚ ਭਾਵੁਕ ਹੋ ਕੇ ਰੋਂਦੇ ਸਨ ਅਤੇ ਨਾ ਹੀ ਕਿਸੇ ਦੂਜੇ ਦਾ ਇਸ ਤਰ੍ਹਾਂ ਭਾਵੁਕ ਹੋਣਾ ਪਸੰਦ ਕਰਦੇ ਸਨ।

ਉਹ 27 ਜਨਵਰੀ,1963 ਨੂੰ ਲਤਾ ਮੰ-ਗੇਸ਼ਕਰ ਦਾ ਗਾਇਆ ਕਵੀ ਪ੍ਰਦੀਪ ਜੀ ਦਾ ਲਿਖਿਆ ਗੀਤ 'ਐ ਮੇਰੇ ਵਤਨ ਕੇ ਲੋਗੋਂ" ਗਾਇਆ ਤਾਂ ਨਹਿਰੂ ਆਪਣੇ ਅੱਥਰੂ ਰੋਕ ਨਾ ਸਕੇ।

ਗਾਣੇ ਤੋਂ ਬਾਅਦ ਜਦੋਂ ਲਤਾ ਸਟੇਜ ਦੇ ਪਿੱਛੇ ਬੈਠੇ ਸਨ ਤਾਂ ਨਿਰਦੇਸ਼ਕ ਮਹਿਬੂਬ ਖ਼ਾਨ ਨੇ ਲਤਾ ਨੂੰ ਕਿਹਾ ਕਿ ਨਹਿਰੂ ਜੀ ਸੱਦ ਰਹੇ ਹਨ।

ਮਹਿਬੂਬ ਨੇ ਲਤਾ ਨੂੰ ਨਹਿਰੂ ਦੇ ਸਾਹਮਣੇ ਲਿਜਾ ਕਿ ਕਿਹਾ, ਇਹ ਹੈ ਸਾਡੀ ਲਤਾ, ਤੁਹਾਨੂੰ ਕਿਵੇਂ ਲੱਗਿਆ ਇਸ ਦਾ ਗਾਣਾ?

ਨਹਿਰੂ ਨੇ ਕਿਹਾ,"ਬਹੁਤ ਵਧੀਆ। ਇਸ ਲੜਕੀ ਨੇ ਮੇਰ-ੀਆਂ ਅੱਖਾਂ ਵਿੱਚ ਪਾਣੀ ਲਿਆ ਦਿੱਤਾ।" ਇਹ ਕਹਿ ਕੇ ਨਹਿਰੂ ਨੇ ਲਤਾ ਨੂੰ ਗਲ਼ ਨਾਲ ਲਗਾ ਲਿਆ ਧੀ ਵਾਂਗ।

ਤੁਰੰਤ ਇਸ ਗਾਣੇ ਦੀ ਮਾਸਟਰ ਟੇਪ ਨੂੰ ਵਿਵਿਧ ਭਾਰਤੀ ਦੇ ਪ੍ਰਸ-ਾਰਨ ਸਟੇਸ਼ਨ ਪਹੁੰਚਾਇਆ ਗਿਆ ਅਤੇ ਰਿਕਾਰਡ ਸਮੇਂ ਵਿੱਚ ਐੱ-ਚਐੱਮਵੀ ਕੰਪਨੀ ਵੱਲੋਂ ਉਸ ਦਾ ਰਿਕਾਰਡ ਬਣਵਾ ਕੇ ਮਾਰਕੀਟ ਵਿੱਚ ਲਿਆਂਦਾ ਗਿਆ। ਮੈਨੂੰ ਯਾਦ ਹੈ ਕਿ ਸਾਡੇ ਸ੍ਰੀ ਬਾਵਾ ਲਾਲ ਹਾਈ ਸਕੂਲ ਧਿਆਨਪੁਰ ਵਿੱਚ ਇਹ ਰੀਕਾਰਡ ਸਵੇਰ ਦੀ ਪ੍ਰਾਰਥਨਾ ਮਗਰੋਂ ਵਜਾਇਆ ਜਾਂਦਾ ਸੀ। ਪੀ ਟੀ ਵੇਲੇ ਵੀ।

ਦੇਖਦਿਆਂ ਹੀ ਇਹ ਗੀਤ ਪੂਰੇ ਦੇਸ਼ ਵਿੱਚ ਫੈਲ ਗਿਆ ਤੇ ਕੌਮੀ ਦਰਦਨਾਮਾ ਬਣ ਗਿਆ।

ਲਤਾ ਮੰਗੇਸ਼ਕਰ ਜੀ ਨੇ ਗੁਰੂ ਨਾਨਕ ਦੇਵ ਜੀ ਦੀ 500ਵੀਂ ਜਨਮ ਸ਼ਤਾਬਦੀ ਵੇਲੇ ਸ ਮ-ਹਿੰਦਰ ਦੇ ਸੰਗੀਤ ਵਿੱਚ ਕਈ ਸ਼ਬਦ ਰੀਕ-ਾਰਡ ਕਰਵਾਏ। ਹੁਣ ਵੀ ਸਾਹਾਂ ਚ ਮਹਿਕਦੇ ਹਨ।

ਲਤਾ ਜੀ ਨੂੰ ਕੌਰ ਬਣਾ ਕੇ ਅਸੀਂ ਸੂਰਜ ਨੂੰ ਮੁੱਠੀ ਚ ਕੈਦ ਨਹੀਂ ਕਰ ਸਕਦੇ।

ਪਰ ਇੱਕ ਦਮ ਕਬਜ਼ੇ ਦੀ ਭਾਵਨਾ ਕਾਫ਼ੂਰ ਹੋ ਗਈ, ਜਦ ਚੇਤੇ ਆਇਆ, ਮਹਿਕ ਦਾ ਕੋਈ ਨਾਮ, ਵਤਨ, ਰੰਗ ਜ਼ਾਤ , ਨਸਲ ਭੇਦ ਨਹੀਂ ਹੁੰਦਾ।

ਲਤਾ ਜੀ ਮਹਿਕ ਸਨ, ਬ੍ਰਹਿਮੰਡ ਚ ਘੁਲ਼ ਗਏ ਬੇਅੰਤ ਬਰਕਤਾਂ ਧਰਤੀ ਨੂੰ ਸੌਂਪ ਕੇ।

**- ਗੁਰਭਜਨ ਗਿੱਲ**



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਚਰਨਜੀਤ ਸਿੰਘ ਚੰਨੀ ਹੋਣਗੇ ਮੁੱਖ ਮੰਤਰੀ ਦਾ ਚਿਹਰਾ-ਰਾਹੁਲ

ਲੁਧਿਆਣਾ/ਮੁੱਲਾਂਪੁਰ ਦਾਖਾ, ਪੰਜਾਬ ਵਿਧਾਨ ਸਭਾ ਚੋਣਾਂ 2022 ਲਈ ਕਾਂਗਰਸ ਵਲੋਂ ਮੁੱਖ ਮੰਤਰੀ ਦੇ ਚਿਹਰੇ ਦੇ ਐਲਾਨ ਨੂੰ ਲੈ ਕੇ ਲਗਾਈਆਂ ਜਾ ਰਹੀਆਂ ਅਟਕਲਾਂ ਨੂੰ ਅੱਜ ਉਸ ਸਮੇਂ ਵਿਰਾਮ ਲੱਗ ਗਿਆ, ਜਦੋਂ ਕਾਂਗਰਸ ਦੇ ਕੌਮੀ ਆਗੂ ਰਾਹੁਲ ਗਾਂਧੀ ਨੇ ਲੁਧਿਆਣਾ ਫੇਰੀ ਦੌਰਾਨ ਹਰਸ਼ਿਲਾ ਰਿਜ਼ੋਰਟਸ ਵਿਖੇ ਵਰਚੂਅਲ ਰੈਲੀ ਨੂੰ ਸੰਬੋਧਨ ਕਰਦਿਆਂ ਸ. ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨ ਦਿੱਤਾ . ਜੇਕਰ ਪੰਜਾਬ ਅੰਦਰ ਕਾਂਗਰਸ ਪਾਰਟੀ ਨੂੰ ਬਹੁਮਤ ਮਿਲਦਾ ਹੈ ਤਾਂ ਸ. ਚੰਨੀ ਮੁੱਖ ਮੰਤਰੀ ਹੋਣਗੇ . ਰਾਹੁਲ ਗਾਂਧੀ ਦਾ ਵਰਚੂਅਲ ਰੈਲੀ ਵਿਚ ਪੁੱਜਣ ਦਾ ਸਮਾਂ ਦੁਪਹਿਰ 2 ਵਜੇ ਮਿੱਥਿਆ ਗਿਆ ਸੀ, ਪਰ ਲੁਧਿਆਣਾ ਦੇ ਹੋਟਲ ਹਾਯਤ ਰਿ-ਜੈਂਸੀ ਵਿਖੇ ਮੁੱਖ ਮੰਤਰੀ ਦੇ ਚਿਹਰੇ ਬਾਰੇ ਮੰਥਨ ਕਰਨ ਵਿਚ ਸਮਾਂ ਲੱਗਣ ਕਰਕੇ ਰਾਹੁਲ ਗਾਂਧੀ 3.45 ਵਜੇ ਮੰਚ 'ਤੇ ਪੁੱਜੇ . ਮੰਚ 'ਤੇ ਪੁੱਜਣ ਸਮੇਂ ਸਭ ਤੋਂ ਪਹਿਲਾਂ ਉਨ੍ਹਾਂ ਨੇ ਭਾਰਤ ਰਤਨ ਅਤੇ ਦੇਸ਼ ਦੀ ਮਹਾਨ ਗਾਇਕਾ ਲਤਾ ਮੰਗੇਸ਼ਕਰ ਦੀ ਤਸਵੀਰ 'ਤੇ ਫੁੱਲ ਚੜ੍ਹਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਤੇ ਲਤਾ ਮੰ-ਗੇਸ਼ਕਰ ਨੂੰ ਮਹਾਨ ਸ਼ਖ਼ਸੀਅਤ ਦੱਸਿਆ . ਵਰਚੂਅਲ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਉਹ 2004 ਤੋਂ ਰਾਜਨੀਤੀ 'ਚ ਹਨ, ਸੱਚਾ ਰਾਜਸੀ ਆਗੂ ਇਕ ਦਿਨ ਵਿਚ ਨਹੀਂ ਬਣਦਾ, ਸਗੋਂ ਸੰ-ਘਰਸ਼ ਕਰਕੇ ਇਕ ਸੱਚਾ ਤੇ ਮਹਾਨ ਆਗੂ ਬਣਦਾ ਹੈ . ਉਨ੍ਹਾਂ ਕਿਹਾ ਕਿ ਕਾਂਗਰਸ ਕੋਲ ਹੀਰਿਆਂ ਦੀ ਕਮੀਂ ਨਹੀਂ ਹੈ . ਉਨ੍ਹਾਂ ਕਿਹਾ ਕਿ ਸੱਚ ਤੇ ਝੂਠ ਵਿਚ ਇਕ ਦਿਨ ਨਿਪਟਾਰਾ ਹੋ ਜਾਂਦਾ ਹੈ . ਉਨ੍ਹਾਂ ਕਿਹਾ ਕਿ ਨਵਜੋਤ ਸਿੰਘ ਸਿੱਧੂ ਇਹ ਨਹੀਂ ਜਾਣਦੇ ਕਿ ਉਹ ਉਨ੍ਹਾਂ ਨੂੰ 40 ਸਾਲ ਪਹਿਲਾਂ ਦੂਨ ਸਕੂਲ ਵਲੋਂ ਕ੍ਰਿਕਟ ਮੈਚ ਦੇਖਣ ਜਾਣ ਸਮੇਂ ਮਿਲੇ ਸਨ, ਜਿਸ ਦੌਰਾਨ ਸਿੱਧੂ ਨੇ ਜਿਥੇ ਪਹਿਲਾਂ ਸਰਬੋਤਮ ਗੇਂਦਬਾਜ਼ੀ ਕੀਤੀ, ਉਥੇ ਹੀ ਬੱਲੇਬਾਜ਼ੀ ਕਰਦਿਆਂ 98 ਦੌੜਾਂ ਬਣਾਈਆਂ . ਉਨ੍ਹਾਂ ਕਿਹਾ ਕਿ ਸਿੱਧੂ ਜਿਸ ਖੇਤਰ ਵਿਚ ਵੀ ਗਏ, ਉਸ ਖੇਤਰ ਵਿਚ ਉਹ ਕਾਮਯਾਬ ਹੋਏ ਹਨ . ਉਨ੍ਹਾਂ ਕਿਹਾ ਕਿ ਸੁਨੀਲ ਜਾਖੜ ਪੰਜਾਬ ਦਾ ਡੀ.ਐਨ.ਏ. ਜਾਣਦੇ ਹਨ ਅਤੇ ਉਨ੍ਹਾਂ ਕੋਲ ਪੰਜਾਬ ਦੇ ਹਰ ਸਵਾਲ ਦਾ ਜਵਾਬ ਹੈ . ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸੂਝ-ਬੂਝ ਦੇ ਉਹ ਕਾਇਲ ਹਨ . ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਰਵਨੀਤ ਸਿੰਘ ਬਿੱਟੂ ਨੂੰ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਤੋਂ ਲੈ ਕੇ ਲਗਾਤਾਰ ਤੀਸਰੀ ਵਾਰ ਲੋਕ ਸਭਾ ਮੈਂਬਰ ਬਣਦਾ ਦੇਖਿਆ ਹੈ ਤੇ ਉਹ ਉਨ੍ਹਾਂ ਦੀ ਮਿਹਨਤ ਨੂੰ ਜਾਣਦੇ ਹਨ . ਉਨ੍ਹਾਂ ਕਿਹਾ ਕਿ ਭਾਰਤ ਭੂਸ਼ਣ ਦਾ ਸਿਆਸੀ ਵਿਕਾਸ ਹੁੰਦਾ ਵੀ ਉਨ੍ਹਾਂ ਆਪਣੇ ਅੱਖੀਂ ਦੇਖਿਆ ਹੈ। ਉਨ੍ਹਾਂ ਕਿਹਾ ਕਿ ਜੇਕਰ



ਚਰਨਜੀਤ ਸਿੰਘ ਚੰਨੀ ਦੀ ਗੱਲ ਕੀਤੀ ਜਾਵੇ, ਤਾਂ ਉਹ ਗਰੀਬ ਘਰ 'ਚੋਂ ਹਨ ਅਤੇ ਗਰੀਬੀ ਬਾਰੇ ਜਾਣਦੇ ਹਨ, ਇਨ੍ਹਾਂ ਵਿਚ ਪੰਜਾਬ ਦਾ ਦਰਦ ਹੈ। ਉਨ੍ਹਾਂ ਕਿਹਾ ਕਿ ਜਦੋਂ ਚੰਨੀ ਮੁੱਖ ਮੰਤਰੀ ਬਣੇ, ਤਾਂ ਏਨਾ ਵੱਡਾ ਅਹੁਦਾ ਪ੍ਰਾਪਤ ਕਰਨ ਤੋਂ ਬਾਅਦ ਉਨ੍ਹਾਂ ਵਿਚ ਕੋਈ ਵੀ ਹੰਕਾਰ ਜਾਂ ਵੱਖਰਾਪਣ ਦੇਖਣ ਨੂੰ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਉਹ ਹਰ ਆਮ ਵਿਅਕਤੀ ਨੂੰ ਜਾ ਕੇ ਮਿਲੇ ਤੇ ਉਨ੍ਹਾਂ ਜੋ 111 ਦਿਨਾਂ 'ਚ ਫ਼ੈਸਲੇ ਕੀਤੇ, ਉਹ ਫ਼ੈਸਲੇ ਵੀ ਪੰਜਾਬ ਦੇ ਹਰ ਵਰਗ ਦੀ ਭਲਾਈ ਲਈ ਕੀਤੇ। ਉਨ੍ਹਾਂ ਕਿਹਾ ਕਿ ਅਸੀਂ ਪੰਜਾਬ ਨੂੰ ਬਦਲਣਾ ਚਾਹੁੰਦੇ ਹਾਂ। ਉਨ੍ਹਾਂ ਕਿਹਾ ਕਿ ਜੇਕਰ ਸਾਡੀ ਸਰਕਾਰ ਬਣੀ, ਤਾਂ 160 ਸੇਵਾਵਾਂ ਲੋਕਾਂ ਨੂੰ ਘਰ ਬੈਠੇ ਦਿਆਂਗੇ। ਰਾਹੁਲ ਗਾਂਧੀ ਨੇ ਕਿਹਾ ਕਿ ਉਨ੍ਹਾਂ ਦੇ ਦਰਵਾਜ਼ੇ ਪੰਜਾਬ ਦਾ ਭਲਾ ਕਰਨ ਵਾਲਿਆਂ ਲਈ ਹਮੇਸ਼ਾ ਖੁੱਲ੍ਹੇ ਹਨ। ਉਨ੍ਹਾਂ ਕਿਹਾ ਕਿ ਅਸੀਂ ਇਕ ਵਿਅਕਤੀ ਦਾ ਨਹੀਂ ਸਗੋਂ ਸਮੂਹ ਦਾ ਰਾਜ ਚਾਹੁੰਦੇ ਹਾਂ। ਉਨ੍ਹਾਂ ਕਿਹਾ ਕਿ ਅੱਜ ਜੋ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨਿਆ ਗਿਆ ਹੈ, ਇਹ ਫ਼ੈਸਲਾ ਉਨ੍ਹਾਂ ਦੇ ਪੰਜਾਬ ਦੇ ਲੋਕਾਂ ਨਾਲ ਫ਼ੋਨ 'ਤੇ ਹੋਈ ਗੱਲਬਾਤ, ਮੈਸੇਜ਼ ਰਾਹੀਂ ਮਿਲੇ ਪ੍ਰਤੀਕਰਮਾਂ, ਕਾਂਗਰਸ ਪਾਰਟੀ ਦੇ ਆਗੂਆਂ, ਉਮੀਦ-ਵਾਰਾਂ ਤੇ ਵਰਕਰਾਂ ਦੀ ਸੋਚ ਅਨੁਸਾਰ ਹੀ ਕੀਤਾ ਗਿਆ ਹੈ।

ਮੁੱਖ ਮੰਤਰੀ ਨੇ ਗਿਣਾਈਆਂ 111 ਦਿਨ ਦੀਆਂ ਪ੍ਰਾਪਤੀਆਂ

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਵਰਚੂਅਲ ਰੈਲੀ ਨੂੰ ਸੰਬੋਧਨ ਕਰਦਿਆਂ ਪਹਿਲਾਂ ਮਹਾਨ ਗਾਇਕਾ ਲਤਾ ਮੰਗੇਸ਼ਕਰ ਨੂੰ ਸ਼ਰਧਾਂਜਲੀ ਭੇਟ ਕੀਤੀ। ਸ. ਚੰਨੀ ਨੇ ਆਪਣੀ 111 ਦਿਨ ਦੀ ਸਰਕਾਰ ਦੀਆਂ ਪ੍ਰਾਪਤੀਆਂ ਦੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਕੰਮ ਕਰਨ ਕਰਕੇ ਕੇਂਦਰੀ ਜਾਂਚ ਏਜੰਸੀਆਂ ਤੇ ਵਿਰੋਧੀ ਉਨ੍ਹਾਂ ਖ਼ਿਲਾਫ਼ ਸਾਜਿਸ਼ ਰਚ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਤੋਂ ਬਾਅਦ ਮੈਂ ਆਪਣੇ ਜਾਂ ਆਪਣੀ ਪਤਨੀ ਦੇ ਨਾਂਅ 'ਤੇ ਕੋਈ ਜਾਇਦਾਦ ਨਹੀਂ ਖ਼ਰੀਦਾਂਗਾ। ਉਨ੍ਹਾਂ ਕਿਹਾ ਕਿ ਸਾਡਾ ਮਕਸਦ ਕੁਰਸੀਆਂ ਲੈਣਾ ਨਹੀਂ, ਸਗੋਂ ਪੰਜਾਬ ਦਾ ਭਲਾ ਕਰਨਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਵਲੋਂ ਨਕਾਰੇ ਆਗੂਆਂ ਨੂੰ ਹੀ 'ਆਪ' ਵਲੋਂ ਟਿਕਟਾਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਅਕਾਲੀਆਂ, ਕੈਪਟਨ ਤੇ ਮੇਰੀ 3 ਮਹੀਨੇ ਦੀ ਸਰਕਾਰ ਦੇਖੀ ਹੈ, ਇਸ ਲਈ ਪੰਜਾਬ ਦੇ ਲੋਕ ਇਕ ਵਾਰ ਫ਼ਿਰ ਉਨ੍ਹਾਂ ਨੂੰ 5 ਸਾਲ ਸਮਾਂ ਦੇਣ। ਉਨ੍ਹਾਂ ਕਿਹਾ ਕਿ ਮੈਂ ਇਕ ਪੈਸੇ ਦਾ ਕਿਤੇ ਵੀ ਰਵਾਜ਼ਾਰ ਨਹੀਂ ਹਾਂ। ਉਨ੍ਹਾਂ ਕਿਹਾ ਕਿ ਪੰਜਾਬ ਦਾ ਜੇਕਰ ਇਕ ਵੀ ਪੈਸਾ ਖਾਵਾਂ, ਤਾਂ ਉਹ ਹਰਾਮ ਹੋਵੇ। ਉਨ੍ਹਾਂ ਕਿਹਾ ਕਿ ਜੇਕਰ ਮੇਰੇ ਵਿਚ ਕੋਈ ਨੁਕਸ ਹੁੰਦਾ, ਤਾਂ ਮੈਨੂੰ ਕੇਂਦਰ ਸਰਕਾਰ ਤੇ ਕੈਪਟਨ ਨੇ ਕਦੋਂ ਦਾ ਕਿਸੇ ਮਾਮਲੇ 'ਚ ਉਲਝਾ ਦੇਣਾ ਸੀ।

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਪਣੇ ਸੰਬੋਧਨ ਵਿਚ ਪੰਜਾਬ ਦੇ ਪੰਡਾਲ ਵਿਚ ਹਾਜ਼ਰ ਲੋਕਾਂ ਨੂੰ ਕਿਹਾ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਜ਼ਬਰਦਸਤ ਤੇ ਜ਼ੋਰਦਾਰ ਭਾਸ਼ਣ ਦਿੱਤਾ ਹੈ। ਉਨ੍ਹਾਂ ਕਿਹਾ ਸਿੱਧੂ ਸਾਹਿਬ ਅੱਜ ਤੁਹਾਡਾ ਦਿੱਤਾ ਹੈ, ਤੁਸੀਂ ਆਪਣੇ ਭਾਸ਼ਣ ਵਿਚ ਹਰ ਪੱਖ ਨੂੰ ਬਾਖ਼ੂਬੀ ਛੂਹ ਕੇ ਹਨ੍ਹੇਰੀ ਲਿਆ ਦਿੱਤੀ ਹੈ।

ਮੁਸਰ ਹੋਣ ਲੱਗ ਪਈ।

# ਇਤਿਹਾਸ ਤੋਂ ਰੌਸ਼ਨੀ ਲੈਣ ਲਈ ਪ੍ਰੇਰੇਗਾ, ਗ਼ਦਰੀ ਮਿਊਜ਼ੀਅਮ

ਜਲੰਧਰ: ਦੇਸ਼ ਭਗਤ ਯਾਦਗਾਰ ਹਾਲ ਅੰਦਰ ਇਕੋ ਛੱਤ ਹੇਠ ਕੂਕਾ ਲਹਿਰ, ਪਗੜੀ ਸੰਭਾਲ ਜੱਟਾ ਲਹਿਰ, ਲਾਰਡ ਹਾਰਡਿੰਗ ਬੰਬ ਕੇਸ, ਗ਼ਦਰ ਲਹਿਰ, ਬੱਬਰ ਅਕਾਲੀ ਲਹਿਰ, ਕਿਰਤੀ ਪਾਰਟੀ, ਨੌਜਵਾਨ ਭਾਰਤ ਸਭਾ, ਆਜ਼ਾਦ ਹਿੰਦ ਫੌਜ ਆਦਿ ਮਿਸਾਲੀ ਆਜ਼ਾਦੀ ਸੰਗਰਾਮ ਦੀਆਂ ਲਹਿਰਾਂ ਦਾ ਇਤਿਹਾਸ ਮਿਊਜ਼ੀਅਮ ’ਚ ਸੰਭਾਲਣ ਲਈ ਵਿਸ਼ੇਸ਼ ਉੱਦਮ ਜੁਟਾਉਣ ਦਾ ਫੈਸਲਾ ਕੀਤਾ ਗਿਆ ਹੈ।ਦੇਸ਼ ਭਗਤ ਯਾਦਗਾਰ ਹਾਲ ਦੀ ਮਿਊਜ਼ੀਅਮ ਕਮੇਟੀ ਦੇ ਕਨਵੀਨਰ ਹਰਵਿੰਦਰ ਭੰਡਾਲ ਨੇ ਦੱਸਿਆ ਕਿ ਅੱਜ ਮਿਊਜ਼ੀਅਮ ਕਮੇਟੀ ਨੇ ਮੀਟਿੰਗ ਕਰਕੇ ਮਿਊਜ਼ੀਅਮ ਹਾਲ ਅੰਦਰ ਸਿਲਸਿਲੇਵਾਰ ਇਤਿਹਾਸਕ ਤੱਥ, ਤਸਵੀਰਾਂ, ਯਾਦਗਾਰੀ ਨਿਸ਼ਾਨੀਆਂ ਸੰਭਾਲਣ, ਲਾਈਟ ਐਂਡ ਸਾਊਂਡ ਦੀ ਯੋਜਨਾਬੰਦੀ ਸਬੰਧੀ ਖ਼ਾਕਾ ਤਿਆਰ ਕੀਤਾ। ਮਿਊਜ਼ੀਅਮ ਵੇਖਣ ਆਉਣ ਵਾਲੇ ਦਰਸ਼ਕਾਂ ਵਿਸ਼ੇਸ਼ ਕਰਕੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੇ ਸਿਖਿਆਰਥੀਆਂ ਦੇ ਆਉਣ ਵਾਲੇ ਵਫ਼ਦਾਂ ਨੂੰ ਇਤਿਹਾਸ ਪਰਦੇ ’ਤੇ ਦਿਖਾਉਣ ਦਾ ਵੀ ਵਿਸ਼ੇਸ਼ ਕੋਨਾ ਵੀ ਭਵਿੱਖ ’ਚ ਤਿਆਰ ਕੀਤਾ ਜਾਏਗਾ।ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਗੁਰਮੀਤ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਲਾਇਬ੍ਰੇਰੀ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ ਅਤੇ ਇਤਿਹਾਸ ਕਮੇਟੀ ਦੇ ਕਨਵੀਨਰ ਚਰੰਜੀ ਲਾਲ ਕੰਗਣੀਵਾਲ ਨੇ ਗੰਭੀਰ ਵਿਚਾਰ ਵਟਾਂਦਰਾ ਕਰਨ ਉਪਰੰਤ ਦੱਸਿਆ ਕਿ ਗ਼ਦਰ ਪਾਰਟੀ ਦੇ ਸਥਾਪਨਾ ਦਿਵਸ 21 ਅਪ੍ਰੈਲ ਤੱਕ ਕੂਕਾ ਲਹਿਰ, ਪਗੜੀ ਸੰਭਾਲ ਜੱਟਾ ਲਹਿਰ ਅਤੇ ਲਾਰਡ ਹਾਰਡਿੰਗ ਬੰਬ ਕੇਸ ਦੇ ਇਤਿਹਾਸਕ ਕਾਲ ਮੁਕੰਮਲ ਕਰਨ ਦਾ ਟੀਚਾ ਮਿੱਥਿਆ ਗਿਆ ਹੈ।ਜ਼ਿਕਰਯੋਗ ਹੈ ਕਿ ਮਿਊਜ਼ੀਅਮ ’ਚ ਸੁਰਿੰਦਰ ਕੁਮਾਰੀ ਕੋਛੜ ਵਿਸ਼ੇਸ਼ ਰਾਸ਼ੀ ਦਾ ਯੋਗਦਾਨ ਪਾ ਰਹੇ ਹਨ। ਦੇਸ਼ ਬਦੇਸ਼ ਵਸਦੇ ਗ਼ਦਰੀਆਂ ਦੇ ਵਾਰਸਾਂ ਨੂੰ ਮਿਊਜ਼ੀਅਮ ਦਾ ਕਾਰਜ ਨੇਪਰੇ ਚਾੜਨ ਲਈ ਆਰਥਕ ਸਹਾਇਤਾ ਕਰਨ ਲਈ ਵੀ ਕਮੇਟੀ ਵਿਸ਼ੇਸ਼ ਅਪੀਲ ਕਰ ਰਹੀ ਹੈ। ਆਜ਼ਾਦੀ ਸੰਗਰਾਮ ਦੀ ਸਾਂਝੀ ਵਿਰਾਸਤ ਨੂੰ ਬੁਲੰਦ ਕਰਨ ਦੀ ਅਪੀਲ ਕਰਦਿਆਂ ਲੋਕਾਂ ਦੀ ਪਹਿਨਣ, ਖਾਣ-ਪੀਣ, ਵਿਚਾਰਾਂ ਦੇ ਪ੍ਰਗਟਾਵੇ ਦੀ ਮੌਲਿਕ ਆਜ਼ਾਦੀ ਉਪਰ ਹੱਲਾ ਬੋਲ ਰਹੀਆਂ, ਉਹਨਾਂ ਫ਼ਿਰਕੂ ਤਾਕਤਾਂ ਦੀ ਨਿੰਦਾ ਕੀਤੀ ਗਈ ਜੋ ਕਰਨ-ਾਟਕ ਦੀਆਂ ਵਿਦਿਅਕ ਸੰਸਥਾਵਾਂ ਵਿਚੋਂ ਮੁਸਲਿਮ ਵਿਦਿਆਰਥਣਾਂ ਉਪਰ ਧੌਂਸ ਨਾਲ ਡ੍ਰੈਸ ਕੋਡ ਮੜਨ ਦੇ ਰਾਹ ਪਈਆ।


RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY Residential • Business • Commercial Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



NSB Insurance
NIRMAL SINGH BADHAN



for Insurance Call:
NIRMAL SINGH BADHAN
707-228-2020
Lic #0144676
HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS
Call: 707-228-2020, Fax: 707-260-2813
www.nsbinsures.com
1519 Gary CT., Rohnert Park, CA 94928

ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)

# ਗ੍ਰਿਫਤਾਰੀ ਸਮੇ ਇਕ ਵਿਅਕਤੀ ਉਪਰ ਤਸ਼ੱਦਦ ਕਰਨ ਦੇ ਮਾਮਲੇ ਵਿਚ ਸਾਬਕਾ ਪੁਲਿਸ ਅਫਸਰ ਨੂੰ ਦੋ ਸਾਲ ਦੀ ਕੈਦ



ਸੈਕਰਾਮੈਂਟੋ 4 ਫਰਵਰੀ (ਹੁਸਨ ਲੜੋਆ ਬੰਗਾ)- ਲੋਇਸਵਿਲੇ ਮੈਟਰੋ ਪੁਲਿਸ ਵਿਭਾਗ ਦੇ ਇਕ ਸਾਬਕਾ ਪੁਲਿਸ ਅਫਸਰ ਨੂੰ ਮਈ 2020 ਵਿਚ ਇਕ ਵਿਅਕਤੀ ਨੂੰ ਗ੍ਰਿ-ਫਤਾਰ ਕਰਨ ਸਮੇ ਉਸ ਉਪਰ ਤਸ਼ੱਦਦ ਕਰਨ ਦੇ ਮਾਮਲੇ ਵਿਚ ਅਦਾਲਤ ਨੇ 2 ਸਾਲ ਕੈਦ ਦੀ ਸਜਾ ਸੁਣਾਈ ਹੈ। ਅਮਰੀਕਾ ਦੇ ਨਿਆਂ ਵਿਭਾਗ ਵੱਲੋਂ ਜਾਰੀ ਬਿਆਨ ਅਨੁਸਾਰ 34 ਸਾਲਾ ਸਾਬਕਾ ਪੁਲਿਸ ਅਫਸਰ ਕੋਰੀ ਈਵਾਨਜ ਨੂੰ ਯੂ ਐਸ ਡਿਸਟ੍ਰਿਕਟ ਜੱਜ ਰੀਬੇਕਾ ਗਰੈਡੀ ਨੇ ਦੋਸ਼ੀ ਕਰਾਰ ਦਿੰਦਿਆਂ ਬਚਾਅ ਪੱਖ ਦੀਆਂ ਦਲੀਲਾਂ ਰੱਦ ਕਰਦਿਆਂ ਸਜਾ ਦੇਣ ਦਾ ਫੈਸਲਾ ਸੁਣਾਇਆ। ਬਚਾਅ ਪੱਖ ਦੇ ਵਕੀਲ ਬਰੀਅਨ ਬਟਲਰ ਨੇ ਕਿਹਾ ਕਿ ਈਵਾਨਜ ਅਫਗਾਨਿਸਤਾਨ ਵਿਚ ਤਾਇਨਾਤ ਰਿਹਾ ਹੈ ਤੇ ਉਸ ਦੇ ਸੇਵਾ ਦਾ ਕਾਰਜਕਾਲ ਵਧੀਆ ਰਿਹਾ ਹੈ। ਉਸ ਨੇ ਲੋਇਸਵਿਲੇ ਮੈਟਰੋ ਪੁਲਿਸ ਵਿਭਾਗ ਵਿਚ ਕੰਮ ਕਰਦਿਆਂ ਘਟੋ ਘੱਟ 4 ਲੋਕਾਂ ਦੀ ਜਾਨ ਬਚਾਈ ਸੀ। ਇਥੇ ਜਿਕਰਯੋਗ ਹੈ ਕਿ 31 ਮਈ 2020 ਨੂੰ ਇਕ ਗੈਰਕਾਨੂੰਨੀ ਇਕੱਠ ਤੇ ਕਰਫਿਊ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕੀਤੀ ਕਾਰਵਾਈ ਦੌਰਾਨ ਇਕ ਪ੍ਰਦਰਸ਼ਨਕਾਰੀ ਨੇ ਗੋਡਿਆਂ ਭਾਰ ਬੈਠ ਕੇ ਤੇ ਹੱਥ ਉਪਰ ਕਰਕੇ ਆਤਮ ਸਮਰਪਣ ਕਰ ਦਿੱਤਾ ਸੀ। ਇਸ ਦੌਰਾਨ ਈਵਾਨਜ ਨੇ ਉਸ ਵਿਅਕਤੀ ਦੇ ਸਿਰ ਦੇ ਪਿਛਲੇ ਪਾਸੇ ਜੋਰਦਾਰ ਡੰਡਾ ਮਾਰਿਆ। ਉਸ ਵਿਅਕਤੀ ਦੇ ਸਿਰ ਵਿਚ ਜਖਮ ਹੋ ਗਿਆ ਤੇ ਉਹ ਅੱਗੇ ਨੂੰ ਡਿੱਗ ਪਿਆ। ਡਿੱਗੇ ਪਏ ਨੂੰ ਹੋਰ ਪੁਲਿਸ ਅਫਸਰਾਂ ਨੇ ਹਿਰਾਸਤ ਵਿਚ ਲੈ ਲਿਆ ਸੀ। ਬਾਅਦ ਵਿਚ ਈਵਾਨਜ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ। ਨਿਆਂ ਵਿਭਾਗ ਅਨੁਸਾਰ ਇਸ ਮਾਮਲੇ ਦੀ ਜਾਂਚ ਐਫ ਬੀ ਆਈ ਤੇ ਲੋਇਸਵਿਲੇ ਮੈਟਰੋ ਪੁਲਿਸ ਵਿਭਾਗ ਦੇ ਇੰਟੈਗਰਿਟੀ ਯੂਨਿਟ ਨੇ ਕੀਤੀ ਸੀ।

# ਹੈਰਿਸ ਕਾਊਂਟੀ ਦੇ ਉਤਰ ਪੱਛਮੀ ਖੇਤਰ ਵਿਚ ਨਫਰਤੀ ਇਸ਼ਤਿਹਾਰ ਲਗਾਏ, ਲੋਕਾਂ ਵਿਚ ਡਰ ਤੇ ਸਹਿਮ

ਸੈਕਰਾਮੈਂਟੋ 9 ਫਰਵਰੀ (ਹੁਸਨ ਲੜੋਆ ਬੰਗਾ)-ਉਤਰ ਪੱਛਮੀ ਹੈਰਿਸ ਕਾਊਂਟੀ ਵਿਚ ਲੋਕਾਂ ਦੇ ਘਰਾਂ ਦੇ ਦਰਵਾਜਿਆਂ, ਖਿੜਕੀਆਂ ਤੇ ਕਾਰਾਂ ਉਪਰ ਨਫਰਤੀ ਇਸ਼ਤਿਹਾਰ ਲੱਗੇ ਵੇਖ ਕੇ ਲੋਕ ਹੈਰਾਨ ਰਹਿ ਗਏ। ਅਮੈਰੀਕਨ-ਇਸਲਾਮਿਕ ਸਬੰਧਾਂ ਬਾਰੇ ਹੋਸਟਨ ਚੈਪਟਰ ਆਫ ਕੌਂਸਲ ਦੇ ਡਾਇਰੈਕਟਰ ਆਪਰੇਸ਼ਨ ਵਿਲੀਅਮ ਵਾਈਟ ਅਨੁਸਾਰ ਰਾਤ ਵੇਲੇ ਲਾਏ ਗਏ ਇਸ਼ਤਿਹਾਰਾਂ ਵਿਚ ਗੋਰਿਆਂ ਨੂੰ ਸਰਬ ਉੱਚ ਕਰਾਰ ਦਿੱਤਾ ਗਿਆ ਹੈ। ਇਸ਼ਤਿਹਾਰ ਦਾ ਸਰਲੇਖ "2026 ਏ ਰੇਸ ਓਡੀਸੇ" ਹੈ ਜਿਸ ਵਿਚ ਲਿਖਿਆ ਹੈ "ਗੋਰਿਆਂ ਦੀ ਘਟ ਰਹੀ ਵਸੋਂ ਦਰ ਬਾਰੇ ਸੋਚੋ ਜੇ ਇਸ ਤਰਾਂ ਹੀ ਜਾਰੀ ਰਿਹਾ ਤਾਂ ਅਮਰੀਕਾ ਦੇ ਵੱਡੇ ਸ਼ਹਿਰਾਂ ਦਾ ਅਗਲੇ 10 ਸਾਲਾਂ ਦੌਰਾਨ ਨਕਸ਼ਾ ਕਿਹੋ ਜਿਹਾ ਹੋਵੇਗਾ?" ਇਸ਼ਤਿਹਾਰਾਂ ਦਾ ਕੇਂਦਰ ਬਿੰਦੂ ਨਸਲੀ ਹੈ ਤੇ ਇਨਾਂ ਵਿਚ ਅਫਰੀਕਨ ਅਮਰੀਕੀਆਂ ਪ੍ਰਤੀ ਨਾਂਹ ਪੱਖੀ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ। ਇਸ਼ਹਿਤਾਰ ਦੇ ਹੇਠਾਂ ਲੋਕਾਂ ਨੂੰ ਜੁੜਨ ਵਾਸਤੇ ਇਕ ਵੈਬ ਸਾਈਟ ਦਾ ਪਤਾ ਵੀ ਦਿੱਤਾ ਗਿਆ ਹੈ। ਇਸ ਇਸ਼ਤਿਹਾਰ ਵਿਚ ਸ਼ਰਾਰਤੀ ਅਨਸਰਾਂ ਵੱਲੋਂ ਵਰਤੀ ਗਈ ਭਾਸ਼ਾ ਕਾਰਨ ਜਿਆਦਾਤਰ ਅਖਬਾਰਾਂ ਨੇ ਇਸ ਨੂੰ ਨਾ ਛਾਪਣ ਦਾ ਫੈਸਲਾ ਲਿਆ ਹੈ ਤੇ ਅਜਿਹਾ ਕਰਨਾ ਆਪਣੇ ਆਪ ਵਿਚ ਇਕ ਅਪਰਾਧ ਵੀ ਮੰਨਿਆ ਜਾਂਦਾ ਹੈ। ਵਾਈਟ ਨੇ ਕਿਹਾ ਹੈ ਕਿ ਇਹ ਲੋਕਾਂ ਨੂੰ ਭੈਭੀਤ ਕਰਨ ਦਾ ਯਤਨ ਹੈ ਪਰੰਤੂ ਇਸ ਸ਼ਹਿਰ ਵਿਚ ਡਰ



ਜਾਂ ਭੈਅ ਨੂੰ ਕੋਈ ਥਾਂ ਨਹੀਂ ਹੈ। ਉਨਾਂ ਕਿਹਾ ਹੈ ਕਿ ਸੁਰੱਖਿਆ ਦੇ ਨਜਰੀਏ ਤੋਂ ਉਹ ਉਸ ਵਿਸ਼ੇਸ਼ ਖੇਤਰ ਦਾ ਜਿਕਰ ਨਹੀਂ ਕਰ ਰਹੇ ਜਿਥੇ ਗੋਰਿਆਂ ਦੀ ਸ਼੍ਰੇਸ਼ਟਾ ਦੇ ਇਸ਼ਤਿਹਾਰ ਲਗਾਏ ਗਏ ਹਨ ਪਰੰਤੂ ਇਸ ਖੇਤਰ ਵਿਚ ਵੱਖ ਵੱਖ ਪਿਛੋਕੜਾਂ ਨਾਲ ਸਬੰਧ ਰਖਦੇ ਲੋਕ ਰ-ਹੰਦੇ ਹਨ। ਉਨਾਂ ਕਿਹਾ ਕਿ ਲੋਕ ਡਰੇ ਹੋਏ ਹਨ ਤੇ ਉਹ ਇਸ ਸਬੰਧੀ ਮੀਡੀਆ ਨਾਲ ਗੱਲਬਾਤ ਨਹੀਂ ਕਰਨਾ ਚਹੁੰਦੇ। ਲੋਕ ਇਸ ਮੁੱਦੇ ਨੂੰ ਜਿਆਦਾ ਉਛਾਲਣ ਦੇ ਹੱਕ ਵਿਚ ਨਹੀਂ ਹਨ। ਵਾਈਟ ਨੇ ਕਿਹਾ ਕਿ ਇਕ ਵਿਅਕਤੀ ਨੇ ਫੋਨ ਕਰਕੇ ਇਸ ਸਬੰਧੀ ਸ਼ਿਕਾਇਤ ਕੀਤੀ ਹੈ। ਹੋਸਟਨ ਦੇ ਅਧਿਕਾਰੀ ਮਾਮਲੇ ਦੀ ਜਾਂਚ ਕਰ ਰਹੇ ਹਨ ਤੇ ਉਨਾਂ ਨੇ ਕਿਹਾ ਹੈ ਕਿ ਘਰਾਂ ਦੇ ਬਾਹਰ ਲੱਗੇ ਕੈਮਰਿਆਂ ਤੋਂ ਸਾਜਿਸ਼ਕਾਰਾਂ ਦਾ ਪਤਾ ਲਾਇਆ ਜਾਵੇਗਾ। ਵਾਈਟ ਨੇ ਕਿਹਾ ਕਿ ਹੈਰਿਸ ਕਾਊਂਟੀ ਦੇ ਲਾਅ ਇਨਫੋਰਸਮੈਂਟ ਤੇ ਐਫ ਬੀ ਆਈ ਨੂੰ ਦੇਣ ਵਾਸਤੇ ਸਬੂਤ ਇਕੱਠੇ ਕੀਤੇ ਜਾ ਰਹੇ ਹਨ। ਉਨਾਂ ਕਿਹਾ ਕਿ ਉਹ ਆਸਵੰਦ ਹਨ ਕਿ ਸਾਰੇ ਚੁਣੇ ਹੋਏ ਪ੍ਰਤੀਨਿੱਧ ਇਕਮੁੱਠ ਹੋ ਕੇ ਸਮਾਜ ਨੂੰ ਤੋੜਨ ਵਾਲੀ ਇਸ ਹਰਕਤ ਦੀ ਨਿੰਦਾ ਕਰਨਗੇ। ਅਜਿਹੇ ਇਸ਼ਤਿਹਾਰ ਦੱਖਣੀ ਫਲੋਰਿਡਾ ਤੇ 5 ਹੋਰ ਰਾਜਾਂ ਵਿਚ ਵੀ ਵੰਡੇ ਗਏ ਹਨ ਜਾਂ ਕੰਧਾਂ ਉਪਰ ਚਿਪਕਾਏ ਗਏ ਹਨ। ਇਥੇ ਜਿਕਰਯੋਗ ਹੈ ਕਿ ਹੈਰਿਸ ਕਾਉਂਟੀ ਵਿਚ ਅਗਲੀ ਪ੍ਰਾਇਮਰੀ ਚੋਣ ਪਹਿਲੀ ਮਾਰਚ ਨੂੰ ਹੈ ਤੇ ਅਗਾਊਂ ਵੋਟਿੰਗ ਅਗਲੇ ਸੋਮਵਾਰ ਤੋਂ ਸ਼ੁਰੂ ਹੋ ਰਹੀ ਹੈ।

# ਡੇਰਾ ਬਾਬਾ ਨਾਨਕ ਲਾਂਘੇ 'ਤੇ ਬਣੇ ਟਰਮੀਨਲ ਵਿਚ ਬਣੀਆਂ ਤਸਵੀਰਾਂ ਤੇ ਗੁਰਬਾਣੀ ਦੇ ਬੋਰਡ

ਬਟਾਲਾ-ਕੋਰੋਨਾ ਵਾਇਰਸ ਦੀਆਂ ਪਾਬੰ-ਦੀਆਂ ਹਟਣ ਮਗਰੋਂ 17 ਨਵੰਬਰ 2021 ਨੂੰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਮੁੜ ਖੋਲ੍ਹਿਆ ਗਿਆ । ਪ੍ਰਬੰਧਾਂ ਦਾ ਜਾਇਜ਼ਾ ਲੈਣ ਪਹਿਲੇ ਦਿਨ ਕੁੱਲ 28 ਅਧਿਕਾਰੀ ਪਾਰ ਪਹੁੰਚੇ । 18 ਨਵੰਬਰ ਨੂੰ ਮੁੱਖ ਮੰਤਰੀ ਪੰਜਾਬ ਚਰਨਜੀਤ ਸਿੰਘ ਚੰਨੀ ਤੋਂ ਇਲਾਵਾ ਭਾਜਪਾ ਦੇ ਵਫ਼ਦ ਸਮੇਤ 88 ਸ਼ਰਧਾਲੂ ਗੁਰਦੁਆਰਾ ਸ੍ਰੀ ਕਰਤਾਰ-ਪੁਰ ਸਾਹਿਬ ਨਤਮਸਤਕ ਹੋਏ ।ਨਵੰਬਰ, ਦਸੰਬਰ ਅਤੇ 31 ਜਨਵਰੀ ਤੱਕ ਕੁੱਲ 15,626 ਦੇ ਕਰੀਬ ਸ਼ਰਧਾਲੂ ਗੁਰਦੁ-ਆਰਾ ਸਾਹਿਬ ਪਹੁੰਚੇ । ਦੱਸ ਦਈਏ ਕਿ 9 ਨਵੰਬਰ 2019 ਨੂੰ ਲਾਂਘਾ ਖੋਲ੍ਹਿਆ ਗਿਆ ਸੀ ਅਤੇ ਦੋਵਾਂ ਸਰਕਾਰਾਂ ਦੇ ਸਾਂਝੇ ਯਤਨਾਂ ਨਾਲ ਦੋਵੇਂ ਪਾਸਿਆਂ 'ਤੇ ਚੈੱਕ ਪੋਸਟਾਂ ਅਤੇ ਟਰਮੀਨਲ ਬਣਾਏ ਗਏ ਹਨ ।ਡੇਰਾ ਬਾਬਾ ਨਾਨਕ ਸਥਿਤ ਟਰਮੀਨਲ ਦੇ ਅੰਦਰ ਗੁਰੂਆਂ, ਪੀਰਾਂ, ਪੈਗੰਬਰਾਂ ਅਤੇ ਯੋਧਿਆਂ ਦੀਆਂ ਖ਼ੂਬਸੂਰਤ ਤਸਵੀਰਾਂ ਅਤੇ ਬੁਤ ਲਗਾਏ ਗਏ । ਸਰਹੱਦ 'ਤੇ ਬਣਿਆ ਇਹ ਖ਼ੂਬਸੂਰਤ ਟਰਮੀਨਲ ਆਧੁਨਿਕ ਇਮਾਰਤੀਕਰਨ ਦਾ ਵਧੀਆ ਨਮੂਨਾ ਹੈ ।ਜ਼ਿਕਿਰਯੋਗ ਹੈ ਕਿ ਸਰਹੱਦ 'ਤੇ ਭਾਰਤ ਨੇ 100 ਮੀਟਰ ਲੰਬਾ ਇਕ ਪੁਲ ਬਣ-ਾਇਆ ਸੀ ਅਤੇ ਸਮਝੌਤੇ ਮੁਤਾਬਿਕ ਪਾਕਿਸਤਾਨ ਨੇ 300 ਮੀਟਰ ਪੁਲ ਬਣਾ ਕੇ ਗੁਰਦੁਆਰਾ ਸਾਹਿਬ ਨੂੰ ਜਾਂਦੀ ਸੜਕ ਨਾਲ ਮਿਲਾਉਣਾ ਸੀ, ਜਿਸ ਦੀ ਸ਼ੁਰੂਆਤ ਪਿਛਲੇ ਮਹੀਨੇ ਤੋਂ ਹੋ ਚੁੱਕੀ ਹੈ ।ਭਾਵੇਂ ਕਿ ਪਾਕਿਸਤਾਨ ਦੇ ਟਰਮੀਨਲ 'ਤੇ ਉਥੋਂ ਦੀ ਸਰਕਾਰ ਵਲੋਂ ਕੋਈ ਨਵੀਆਂ ਇਮਾਰਤਾਂ



ਨਹੀਂ ਬਣਾਈਆਂ ਜਾ ਰਹੀਆਂ, ਪ੍ਰੰਤੂ ਡੇਰਾ ਬਾਬਾ ਨਾਨਕ ਵਿਖੇ ਬਣੇ ਟਰਮੀਨਲ 'ਤੇ ਬਹੁਤ ਖ਼ੂਬਸੂਰਤ ਕਲਾਕ੍ਰਿਤਾਂ ਦਾ ਨਿਰਮਾਣ ਹੋ ਚੁੱਕਾ ਹੈ . ਇਹ ਕਲਾਕ੍ਰਿਤਾਂ, ਜਿਨ੍ਹਾਂ 'ਚ ਲੰਗਰ ਛਕਦੀਆਂ ਸੰਗਤਾਂ, ਹੱਲ ਵਾਹੁੰਦਾ ਕਿਸਾਨ, ਪੰਜਾਬੀ ਸੱਭਿਆਚਾਰ ਨਾਲ ਸਬੰਧਿਤ ਬੁੱਤ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀਆਂ ਤੁਕਾਂ ਨੂੰ ਬੋਰਡਾਂ 'ਤੇ ਲਿਖਿਆ ਗਿਆ ਹੈ, ਜੋ ਸ਼ਰਧਾਲੂਆਂ ਦੀ ਖਿੱਚ ਦਾ ਕੇਂਦਰ ਹਨ । ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਗਈਆਂ ਸੰਗਤਾਂ ਨੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਲਈਆਂ ਗਈਆਂ ਗੁਰੂ ਸਾਹਿਬਾਨਾਂ, ਭਗਤਾਂ, ਜਿਨ੍ਹਾਂ ਵਿਚੋਂ ਭਗਤ ਰਵੀਦਾਸ ਜੀ, ਭਗਤ ਨਾਮਦੇਵ ਜੀ, ਭਗਤ ਧੰਨਾ ਜੀ, ਭਗਤ ਬੇਣੀ ਜੀ, ਭਗਤ ਸੈਣ ਜੀ, ਭਗਤ ਪਰਮਾਨੰਦ ਜੀ, ਭਗਤ ਜੈਦੇਵ ਜੀ, ਭਗਤ ਰਾਮਾਨੰਦ ਜੀ ਦੇ ਸ਼ਬਦ ਉਕਰੇ ਦੇਖ ਕੇ ਸਿਰ ਝੁਕਦਾ ਹੈ . ਗੁਰੂ ਸਾਹਿਬਾਨਾਂ ਦੀਆਂ ਤਸਵੀਰਾਂ ਦੇ ਨਾਲ-ਨਾਲ ਸੰਖੇਪ ਇਤਿਹਾਸ ਵੀ ਦਰਸਾਇਆ ਗਿਆ ਹੈ । ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਕੇ ਆਈਆਂ ਸੰਗਤਾਂ ਨੇ ਸਰਕਾਰ ਪਾਸੋਂ ਮੰਗ ਕੀਤੀ ਕਿ ਗੁਰਦੁ-ਆਰਾ ਸਾਹਿਬ ਵਿਚ ਸੇਵਾ ਕਰਨ ਲਈ ਜ਼ਿਆਦਾ ਸਮਾਂ ਠਹਿਰਣ ਦੀ ਇਜ਼ਾਜਤ ਦਿੱਤੀ ਜਾਵੇ . ਸੰਗਤਾਂ ਨੇ ਇਹ ਵੀ ਮੰਗ ਕੀਤੀ ਕਿ ਅਮਰੀਕੀ ਡਾਲਰ ਦੇ ਰੇਟ ਵਧਣ ਨਾਲ ਭਾਰਤੀ ਰੁਪਈਏ ਵਿਚ ਵੀ ਰਾਹਦਾਰੀ ਦਾ ਖਰਚ ਵਧ ਜਾਂਦਾ ਹੈ, ਜਿਸ ਕਰਕੇ ਇਹ ਫੀਸ ਵੀ ਘਟਾ ਕੇ 10 ਡਾਲਰ ਕੀਤੀ ਜਾਵੇ ।

# ਪੰਜਾਬ ਚੋਣਾਂ ਦੌਰਾਨ ਬਹੁਕੋਣੇ ਮੁਕਾਬਲੇ ਦਲਿਤ ਵੋਟਰਾਂ ਦਾ ਵਧ ਝੁਕਾਅ ਕਾਂਗਰਸ ਵਲ

ਜਲੰਧਰ:-ਪੰਜਾਬ ਵਿਧਾਨ ਸਭਾ 2022 ਦੀਆਂ ਚੋਣਾਂ ਵਿੱਚ ਇਸ ਵਾਰ ਮੁਕਾਬਲਾ ਬਹੁਕੋਣੀ ਹੈ। ਇਨ੍ਹਾਂ ਚੋਣਾਂ ਵਿੱਚ ਦਲਿਤ ਭਾਈਚਾਰੇ ਦੀਆਂ ਵੋਟਾਂ ਬਾਰੇ ਚਰਚਾ ਚੱਲ ਰਹੀ ਹੈ ਕਿ ਦਲਿਤ ਭਾਈਚਾਰਾ ਇਸ ਵਾਰ ਇਹ ਕਿਸ ਪਾਸੇ ਝੁਕੇਗਾ।ਪੰਜਾਬ ਵਿੱਚ ਦਲਿਤ ਮੁੱਖ ਮੰਤਰੀ, ਉੱਪ ਮੁੱਖ ਮੰਤਰੀ ਬਣਾਉਣ ਦੀ ਚਰਚਾ ਤਾਂ ਚਲੀ ਹੈ, ਪਰ ਦਲਿਤਾਂ ਦੇ ਮੁੱਦੇ ਕਿੱਧਰੇ ਚਰਚਾ ਵਿੱਚ ਨਹੀਂ ਦਿਖ ਰਹੇ।ਭਾਵੇਂ ਭਾਜਪਾ ਨੇ ਦਲਿਤ ਨੂੰ ਮੁੱਖ ਮੰਤਰੀ ਬਣਾਉਣ ਦੇ ਐਲਾਨ ਦੀ ਸ਼ੁਰੂਆਤ ਕੀਤੀ ਅਤੇ ਅਕਾਲੀ ਦਲ ਨੇ ਦਲਿਤ ਉੱਪ ਮੁੱਖ ਮੰਤਰੀ ਬਣਾਉਣ ਦਾ ਐਲਾਨ ਕਰਕੇ ਇਸ ਨੂੰ ਹੋਰ ਹਵਾ ਦਿੱਤੀ।ਪਰ ਕਾਂਗਰਸ ਨੇ ਚਰਨਜੀਤ ਚੰਨੀ ਨੂੰ ਮੁੱਖ ਮੰਤਰੀ ਬਣਾ ਕੇ ਆਪਣੀ ਤਰਫ਼ੋਂ ਮਾਸਟਰ ਸਟਰੋਕ ਖੇਡ ਦਿੱਤਾ।ਇਹ ਗੱਲ ਵੱਖਰੀ ਹੈ ਕਿ ਪੰਜਾਬ ਦੇ 32 ਫ਼ੀਸਦੀ ਦਲਿਤ ਭਾਈਚਾਰੇ ਨੂੰ ਆਪਣੇ ਪੱਖ਼ ਵਿੱਚ ਕਰਨ ਲਈ ਸਾਰੀਆਂ ਰਵਾਇਤੀ ਤੇ ਨਵੀਆਂ ਪਾਰ-ਟੀਆਂ ਜੱਦੋਜਹਿਦ ਵਿੱਚ ਲੱਗੀਆਂ ਹੋਈਆਂ ਹਨ।

ਵੰਡਿਆ ਹੋਇਆ ਦਲਿਤ ਭਾਈਚਾਰਾ

ਪੰਜਾਬ ਦਾ ਦਲਿਤ ਭਾਈਚਾਰਾ ਮੁੱਖ ਤੌਰ ਉੱਤੇ 4 ਤਰੀਕੇ ਨਾਲ ਵੰਡਿਆ ਨਜ਼ਰ ਆਉਂਦਾ ਹੈ।ਪਹਿਲਾ ਧਰਮ ਦੇ ਅਧਾਰ ਉੱਤੇ, ਦੂਜਾ ਸਿਆਸੀ ਵਿਚਾਰਧਾਰਾ, ਤੀਜਾ ਖੇਤਰੀ ਅਧਾਰ ਅਤੇ ਚੌਥਾ ਜਾਤ ਆਧਾਰਿਤ।ਸਮਾਜਿਕ ਨਿਆਂ ਅਤੇ ਭਲਾਈ ਮੰਤਰਾਲੇ ਦੀ 2018 ਦੀ ਰਿ-ਪੋਰਟ ਮੁਤਾਬਕ ਪੰਜਾਬ ਵਿੱਚ ਦਲਿਤਾਂ ਦੀਆਂ 39 ਸਬ ਕਾਸਟਾਂ ਹਨ।ਧਰਮ ਦੇ ਅਧਾਰ ਉੱਤੇ ਦੇਖਿਆ ਜਾਵੇ ਤਾਂ ਦਲਿਤ 5 ਧਰਮਾਂ ਵਿੱਚ ਵੰਡੇ ਹੋਏ ਹਨ, ਇਹ ਹਨ ਸਿੱਖ, ਹਿੰਦੂ, ਇਸਾਈ, ਮੁਸਲਿਮ ਅਤੇ ਬੋਧੀ।ਪੰਜਾਬ ਵਿਚ ਦਲਿਤ ਸਿਖਾਂ ਦੀ ਬਹੁਗਿਣਤੀ ਹੈ।ਇਨ੍ਹਾਂ ਧਰਮਾਂ ਤੋਂ ਇਲਾਵਾ ਰਮਦਾਸੀਆ, ਆਦਿ ਧਰਮੀ, ਕਬੀਰਪੰਥੀ, ਬਾਲਮੀਕੀ, ਰਾਧਾ ਸਵਾਮੀ ਅਤੇ ਹੋਰ ਕਈ ਸਥਾਨਕ ਪੰਥ ਤੇ ਡੇਰੇ ਵੀ ਹਨ।ਹੁਣ ਤਕ ਪੰਜਾਬ ਵਿੱਚ ਦਲਿਤ ਭਾਈਚਾਰੇ ਵਿੱਚ ਕਾਂਗਰਸ ਦਾ ਮਜ਼ਬੂਤ ਅਧਾਰ ਰਿਹਾ ਹੈ, ਪਰ ਬਸਪਾ ਨੇ ਕਿਸੇ ਸਮੇਂਕਾਂਗਰਸ ਨੂੰ ਚੰਗਾ ਖੋਰਾ ਲਾਇਆ।ਇਸ ਤੋਂ ਇਲਾਵਾ ਅਕਾਲੀ ਦਲ ਅਤੇ ਹੁਣ ਆਪ ਪਾਰਟੀ ਵਿੱਚ ਵੀ ਇਨ੍ਹਾਂ ਦੀ ਜ਼ਿਕਰਯੋਗ ਨੁਮਾਇੰਦਗੀ ਹੈ।ਪੰਜਾਬ ਦੀ ਕੋਈ ਅਜਿਹੀ ਸਿਆਸੀ ਪਾਰਟੀ ਨਹੀਂ ਹੈ, ਜਿਸ ਵਿੱਚ ਦਲਿਤ ਭਾਈਚਾਰੇ ਦੀ ਨੁਮਾਇੰਦਗੀ ਨਾ ਹੋਵੇ।ਅਬਾਦੀ ਦੇ ਹਿਸਾਬ ਨਾਲ ਵੀ ਦਲਿਤ ਭਾਈਚਾਰੇ ਦਾ ਫ਼ਰਕ ਸਾਫ਼ ਨਜ਼ਰ ਆਉਂਦਾ ਹੈ। ਦਲਿਤਾਂ ਦੀ ਅਬਾਦੀ ਫ਼ੀਸਦ ਦੇ ਹਿਸਾਬ ਨਾਲ ਸਭ ਤੋਂ ਵੱਧ ਗਿਣਤੀ ਦੁਆਬੇ ਵਿੱਚ, 37 ਫ਼ੀਸਦ ਹੈ।ਦੁਆਬਾ ਬਿਆਸ ਤੇ ਸਤਲੁਜ ਦਰਿਆ ਦੇ ਵਿਚਕਾਰ ਦਾ ਖੇਤਰ ਹੈ, ਜਿਸ ਵਿੱਚ ਜਲੰਧਰ, ਕਪੂਰਥਲਾ, ਨਵਾਂ ਸ਼ਹਿਰ, ਹੁਸ਼ਿਆਰਪੁਰ ਜ਼ਿਲ੍ਹੇ ਮੁੱਖ ਤੌਰ ਉੱਤੇ ਆਉਂਦੇ ਹਨ। ਪੰਜਾਬ ਤੋਂ ਵਿਦੇਸ਼ਾਂ ਵਿੱਚ ਪਰਵਾਸ ਕਰਨ ਵਾਲਿਆਂ ਵਿੱਚ ਇਹ ਖਿੱਤਾ ਮੋਹਰੀ ਹੈ ਅਤੇ ਦੁਆਬੇ ਦੇ ਦਲਿਤ ਵੀ ਇਸ ਵਿੱਚ ਪਿੱਛੇ ਨਹੀਂ ਰਹੇ।ਸਤਲੁਜ ਦਰਿਆ ਤੋਂ ਦੱਖਣ ਵੱਲ ਦਾ ਸਾਰਾ ਇਲਾਕਾ ਮਾਲਵਾ ਕਿਹਾ ਜਾਂਦਾ ਹੈ ਅਤੇ ਇੱਥੇ ਦਲਿਤਾਂ ਦੀ ਅਬਾਦੀ 31 ਫ਼ੀਸਦ ਹੈ।ਰੋਪੜ ਤੋਂ ਬਠਿੰਡੇ ਤੱਕ ਦਾ ਸਾਰਾ ਇਲਾਕਾ ਮਾਲਵੇ ਵਿੱਚ ਗਿਣਿਆ ਜਾਂਦਾ ਹੈ। ਮਾਝੇ ਵਿੱਚ 29 ਫ਼ੀਸਦ ਦਲਿਤ ਵਸੋਂ ਹੈ। ਬਿਆਸ ਤੇ ਰਾਵੀ ਵਿਚਲੇ ਖੇਤਰ ਨੂੰ ਮਾਝਾ ਖੇਤਰ ਕਿਹਾ ਜਾਂਦਾ ਹੈ।2011 ਦੀ ਜਨਗਣਨਾ ਮੁਤਾਬਕ ਪੰਜਾਬ ਦੀ ਕੁੱਲ 2.77 ਕਰੋੜ ਅਬਾਦੀ ਦਾ 31.9 ਫੀਸਦ ਦਲਿਤ ਹਨ।ਇਨ੍ਹਾਂ ਵਿੱਚੋਂ 19.4 ਐੱਸਸੀ ਸਿੱਖ, 12.4 ਐੱਸਸੀ ਹਿੰਦੂ ਅਤੇ .098 ਬੋਧੀ ਹਨ।ਦਲਿਤ ਭਾਈਚਾਰੇ ਵਿੱਚੋਂ 26.33 ਫ਼ੀਸਦ ਮਜ਼੍ਹਬੀ ਸਿੱਖ, 20.7 ਰਵਿਦਾਸੀਏ ਅਤੇ ਰਾਮਦਾਸੀਏ, 10 ਫੀਸਦ ਆਦਿ ਧਰਮੀ ਅਤੇ 8.6 ਫੀਸਦ ਬਾਲਮੀਕੀ ਹਨ।ਇੰਡੀਅਨ ਰਿਸਰਚ ਇੰਸਟੀਚਿਊਟ ਆਫ਼ ਸੋਸ਼ਲ ਸਾਇੰਸ ਐਂਡ ਹਿਊਮੈਨਟੀਜ਼ ਦੀ ਦਲਿਤ ਵੋਟਰਾਂ ਬਾਰੇ ਇੰਡੀਅਨ ਐਕਸਪ੍ਰੈਸ ਵਿੱਚ ਛਪੀ ਇੱਕ ਰਿਪੋਰਟ ਮੁਤਾਬਕ ਕਾਂਗਰਸ ਨੇ 33 ਫ਼ੀਸਦ, 49 ਫ਼ੀਸਦ, 51.ਫੀਸਦ ਅਤੇ 41 ਫ਼ੀਸਦ ਦਲਿਤ ਸਿੱਖ ਵੋਟਾਂ ਕ੍ਰਮਵਾਰ 2002, 2007, 2012 ਅਤੇ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਲਈਆਂ ਸਨ।ਜਦਕਿ ਇਨ੍ਹਾਂ ਚੋਣਾਂ ਦੌਰਾਨ 47 ਫ਼ੀਸਦ, 56 ਫ਼ੀਸਦ, 37 ਫੀਸਦ ਅਤੇ 43 ਫ਼ੀਸਦ ਹਿੰਦੂ ਦਲਿਤਾਂ ਦੀਆਂ ਵੋਟਾਂ ਹਾਸਲ ਕੀਤੀਆਂ ਸਨ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਵਾਰ ਕਾਂਗਰਸ ਨੂੰ ਉਸ 5-7 ਫ਼ੀਸਦ ਫਲੋਟਿੰਗ ਦਲਿਤ ਵੋਟ ਬੈਂਕ ਦਾ ਫ਼ਾਇਦਾ ਜ਼ਰੂਰ ਮਿਲ ਸਕਦਾ ਹੈ, ਜਿਹੜਾ ਕਿਸੇ ਪਾਰਟੀ ਦਾ ਪੱਕਾ ਕਾਡਰ ਨਹੀਂ ਹੁੰਦੀ। ਉਹ ਮੁੱਖ ਮੰਤਰੀ ਚਰਨਜੀਤ ਚੰਨੀ ਕਾਰਨ ਕਾਂਗਰਸ ਨੂੰ ਭੁਗਤ ਸਕਦਾ ਹੈ।" ਪੰਜਾਬ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ 15 ਮੁੱਖ ਮੰਤਰੀਆਂ ਵਿੱਚ ਗਿਆਨੀ ਜ਼ੈਲ ਸਿੰਘ (ਬੀਸੀ) ਨੂੰ ਛੱਡ ਦੇਈਏ ਤਾਂ ਕੋਈ ਵੀ ਦਲਿਤ ਮੁੱਖ ਮੰਤਰੀ ਨਹੀਂ ਸੀ।ਪੰਜਾਬ ਦੀ ਸਿਆਸੀ ਸੱਤਾ ਉੱਤੇ 21 ਫ਼ੀਸਦ ਅਬਾਦੀ ਵਾਲਾ ਜੱਟ ਸਿੱਖ ਭਾਈਚਾਰਾ ਹੀ ਕਾਬਜ਼ ਰਿਹਾ ਹੈ।

ਦਲਿਤਾਂ ਦੇ ਮੁੱਦੇ ਤੇ ਚੋਣਾਂ

ਸਿੱਖਿਆ, ਸਿਹਤ ਅਤੇ ਰੁਜ਼ਗਾਰ ਜਿਵੇਂ ਸਮਾਜ ਦੇ ਦੂਜੇ ਵਰਗਾਂ ਲਈ ਮੁੱਦੇ ਹਨ, ਉਵੇਂ ਹੀ ਇਹ ਦਲਿਤਾਂ ਲਈ ਵੀ ਅਹਿਮ ਹਨ।ਦਲਿਤ ਚਿੰਤਕ ਬਲਵਿੰਦਰ ਅੰਬੇਡਕਰ ਅਨੁਸਾਰ ਪਿੰਡਾਂ ਵਿੱਚ ਕਾਂਗਰਸ ਤੇ ਆਪ ਨੇ ਇਹ ਲੋਕ ਮਸਲੇ ਚੋਣ ਮੁੱਦੇ ਨਹੀਂ ਬਣਨ ਦਿਤੇ। ਨੌਕਰੀਆਂ ਵਿੱਚ ਸੰਵਿਧਾਨ ਦੀ 85ਵੀਂ ਸੋਧ ਨੂੰ ਲਾਗੂ ਕਰਵਾਉਣ ਦਾ ਮਾਮਲਾ ਨੌਕਰੀ ਪੇਸ਼ੇ ਵਾਲੇ ਦਲਿਤਾਂ ਲਈ ਵੱਡਾ ਮੁੱਦਾ ਹੈ। ਇਹ ਮਸਲਾ ਸਿਰਫ ਬਸਪਾ ਨੇ ਉਠਾਇਆ ਹੈ।ਪਿੰਡਾਂ ਵਿੱਚ ਸ਼ਾਮਲਾਟ ਜ਼ਮੀਨ, ਜੋ ਨਿਯਮ ਮੁਤਾਬਕ 25 ਫ਼ੀਸਦ ਦਲਿਤਾਂ ਨੂੰ ਠੇਕੇ ਉੱਤੇ ਮਿਲਣੀ ਚਾਹੀਦੀ ਹੈ, ਉਹ ਪਿੰਡਾਂ ਵਿੱਚ ਖ਼ਾਸਕਰ ਮਾਲਵੇ ਵਿੱਚ ਅਹਿਮ ਮੁੱਦਾ ਹੈ।

ਦਲਿਤਾਂ ਵਿਚ ਡੇਰਿਆਂ ਦਾ ਬੋਲਬਾਲਾ

ਜਾਤ ਅਧਾਰਿਤ ਮਤਭੇਦ ਅਤੇ ਜ਼ੁਲਮ ਦੇ ਸ਼ਕਿਾਰ ਦਲਿਤ ਲੋਕਾਂ ਦੇ ਛੁਟਕਾਰੇ ਲਈ ਸਮਾਜ ਸੁਧਾਰ ਦੇ ਨਾਂ ਉੱਤੇ ਹੋਂਦ ਵਿੱਚ ਆਏ ਇਨ੍ਹਾਂ ਡੇਰਿਆਂ ਤੋਂ ਦਲਿਤ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ।ਮਾਲਵੇ ਦਾ ਡੇਰਾ ਸੱਚਾ ਸੌਦਾ, ਦੁਆਬੇ ਦਾ ਡੇਰਾ ਸੱਚ ਖੰਡ ਬੱਲਾਂ, ਆਸ਼ੂਤੋਸ਼ ਦਾ ਨੂਰਮਹਿਲੀਆਂ ਡੇਰਾ, ਫਿਲੌਰ ਦਾ ਬ੍ਰਹਮਦਾਸ ਫਿਲੌਰੀਆ ਅਤੇ ਮਾਝੇ ਦਾ ਡੇਰਾ ਬਿਆਸ ਤੇ ਪਠਾਨਕੋਟ ਦਾ ਗੁਰਦੀਪ ਗਿਰੀ ਡੇਰਾ ਅਜਿਹੇ ਪ੍ਰਮੁੱਖ ਡੇਰੇ ਹਨ, ਜਿਨ੍ਹਾਂ ਨਾਲ ਵੱਡੀ ਗਿਣਤੀ ਦਲਿਤ ਜੁੜੇ ਹੋਏ ਹਨ।

# ਅਕਾਲੀ-ਬਸਪਾ ਉਮੀਦਵਾਰ ਜਸਵੀਰ ਸਿੰਘ ਗੜ੍ਹੀ ਦੇ ਪੱਖ 'ਚ ਕੀਤਾ ਡੋਰ-ਟੂ-ਡੋਰ ਪ੍ਰਚਾਰ

ਫਗਵਾੜਾ 4 ਫਰਵਰੀ (ਬੀ.ਕੇ.ਰੱਤੂ) ਸ੍ਰੋਮਣੀ ਅਕਾਲੀ ਦਲ ਯੂਥ ਵਿੰਗ ਦੇ ਸੀਨੀਅਰ ਵਰਕਰ ਇੰਦਰਜੀਤ ਸਿੰਘ ਬਸਰਾ ਦੀ ਅਗਵਾਈ ਹੇਠ ਅਕਾਲੀ-ਬਸਪਾ ਗਠਜੋੜ ਦੇ ਫਗਵਾੜਾ ਵਿਧਾਨਸਭਾ ਹਲਕੇ ਤੋਂ ਸਾਂਝੇ ਉਮੀਦਵਾਰ ਸ੍ਰ. ਜਸਵੀਰ ਸਿੰਘ ਗੜ੍ਹੀ ਦੇ ਹੱਕ 'ਚ ਗਰੀਨ ਮਾਡਲ ਟਾਊਨ 'ਤੇ ਫਰੈਂਡਜ ਕਲੋਨੀ ਵਿਖੇ ਡੋਰ-ਟੂ-ਡੋਰ ਪ੍ਰਚਾਰ ਮੁਹਿਮ ਚਲਾਈ ਗਈ। ਇਸ ਮੌਕੇ ਗੱਲਬਾਤ ਕਰਦਿਆਂ ਇੰਦਰਜੀਤ ਸਿੰਘ ਬਸਰਾ ਨੇ ਕਿਹਾ ਕਿ ਯੂਥ ਵਿੰਗ ਵਲੋਂ ਫਗਵਾੜਾ ਹਲਕੇ ਤੋਂ ਗੜ੍ਹੀ ਦੀ ਸ਼ਾਨਦਾਰ ਜਿੱਤ ਨੂੰ ਯਕੀਨੀ ਬਣਾਇਆ ਜਾਵੇਗਾ। ਉਹਨਾਂ ਕਿਹਾ ਕਿ ਵੋਟਰਾਂ ਦਾ ਅਕਾਲੀ-ਬਸਪਾ ਗਠਜੋੜ ਨੂੰ ਭਾਰੀ ਸਮਰਥਨ ਪ੍ਰਾਪਤ ਹੋ ਰਿਹਾ ਹੈ ਕਿਉਂਕਿ ਲੋਕ ਜਾਣਦੇ ਹਨ ਕਿ ਕਾਂਗਰਸ ਪਾਰਟੀ ਨੇ ਪਿਛਲੇ ਪੰਜ ਸਾਲ ਦੇ ਕਾਰਜਕਾਲ ਦਰਮਿਆਨ ਆਪਣਾ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ ਹੈ। ਪੰਜਾਬ 'ਚ ਰੇਤ ਮਾਫੀਆ, ਡਰੱਗ ਮਾਫੀਆ,



ਸ਼ਰਾਬ ਮਾਫੀਆ ਦਾ ਬੋਲਬਾਲਾ ਹੈ। ਕਾਂਗਰਸ ਪਾਰਟੀ ਵਲੋਂ ਚੋਣਾਂ 'ਚ ਗੈਂਗਸਟਰਾਂ ਨੂੰ ਵੀ ਉਮੀਦਵਾਰ ਬਣਾ ਲਿਆ ਹੈ। ਇੱਥੋਂ ਤੱਕ ਕਿ ਮੁੱਖ ਮੰਤਰੀ ਦੇ ਨਜਦੀਕੀ ਰਿਸ਼ਤੇਦਾਰ ਵੀ ਭ੍ਰਿਸ਼ਟਾਚਾਰ 'ਚ ਸ਼ਾਮਲ ਹਨ। ਦੂਸਰੇ ਪਾਸੇ ਅਰਵਿੰਦ ਕੇਜਰੀਵਾਲ ਨੂੰ ਸਿਰਫ ਚੋਣਾਂ ਸਮੇਂ ਹੀ ਪੰਜਾਬ ਦੀ ਯਾਦ ਆਉਂਦੀ ਹੈ, ਇਹ ਪਾਰਟੀ ਪੰਜਾਬੀਆਂ ਦੇ ਮਸਲਿਆਂ ਨੂੰ ਹਲ ਨਹੀਂ ਕਰ ਸਕਦੀ ਜਦਕਿ ਸ੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਹੱਕਾਂ ਤੇ ਡੱਟ ਕੇ ਪਹਿਰਾ ਦਿੱਤਾ ਹੈ। ਕਿਸਾਨ ਅੰਦੋਲਨ ਨੂੰ ਸਮਰਥਨ ਅਤੇ ਕਿਸਾਨਾਂ ਦੇ ਹਿਤ ਨੂੰ ਤਰਜੀਹ ਦਿੰਦੇ ਹੋਏ ਦਿੱਲੀ ਦੀ ਕੁਰਸੀ ਨੂੰ ਬੀਬਾ ਹਰਸਿਮਰਤ ਕੌਰ ਬਾਦਲ ਵਲੋਂ ਠੁਕਰਾਇਆ ਜਾਣਾ ਇਸਦਾ ਪ੍ਰਤੱਖ ਪ੍ਰਮਾਣ ਹੈ। ਇਸ ਮੌਕੇ ਝਿਰਮਿਲ ਸਿੰਘ ਭਿੰਡਰ,ਨਰੇਸ਼ ਕੈਲੇ,ਮੱਖਣ ਸਿੰਘ, ਚਰਨਜੀਤ ਸਿੰਘ, ਰਸ਼ਪਾਲ ਸਿੰਘ, ਰਿੰਕੂ ਪ੍ਰੇਮਪੁਰਾ, ਦਲਜੀਤ ਸਿੰਘ ਜੀਤਾ ਆਦਿ ਵੀ ਉਹਨਾਂ ਦੇ ਨਾਲ ਸਨ।

# ਇਸਾਈ ਭਾਈਚਾਰਾ ਫਗਵਾੜਾ ਵਿਚ ਵਿਜੈ ਸਾਂਪਲਾ ਦੇ ਸਮਰਥਨ 'ਚ ਨਿਤਰਿਆ

## ਆਪ ਅਤੇ ਕੇਜਰੀਵਾਲ ਪੰਜਾਬ ਵਿਚ ਇਸਾਈ ਭਾਈਚਾਰੇ ਨੂੰ ਕਰ ਰਹੇ ਹਨ ਬਦਨਾਮ : ਐਲਬਰਟ ਦੂਆ

ਫਗਵਾੜਾ, 4 ਫਰਵਰੀ (ਬੀ.ਕੇ.ਰੱਤੂ) ਭਾਰਤੀ ਜਨਤਾ ਪਾਰਟੀ ਸਾਰੇ ਵਰਗਾਂ ਨੂੰ ਨਾਲ ਲੈ ਕੇ ਚੱਲਣ ਵਾਲੀ ਪਾਰਟੀ ਹੈ ਅਤੇ ਜਿਵੇਂ ਪੂਰੇ ਭਾਰਤ ਵਿਚ ਇਸਾਈ ਭਾਈਚਾਰਾ ਭਾਜਪਾ ਦਾ ਸਾਥ ਦੇ ਰਹੀ ਹੈ, ਉਸੇ ਤਰਾਂ ਪੰਜਾਬ ਵਿਚ ਵੀ ਇਸਾਈ ਭਾਈਚਾਰਾ ਭਾਜਪਾ ਨੂੰ ਸਮਰਥਨ ਕਰੇਗਾ। ਇਹ ਗੱਲ ਕਰਿਸ਼ਿਚਨ ਯੁਨਾਇਟੇਡ ਫੈਡਰੇਸ਼ਨ ਦੇ ਪ੍ਰਧਾਨ ਐਲਬਰਟ ਦੂਆ ਅਤੇ ਕਰਿਸ਼ਿਚਨ ਫੈਡਰੇਸ਼ਨ ਦੇ ਵਿਸ਼ਵ ਗੁਲਜਾਰ ਅਤੇ ਸਿਸਟਰ ਸੋਨਿਆ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਹੀ।

ਉਨਾਂ ਕਿਹਾ ਕਿ ਇਸਾਈਆਂ ਨੂੰ ਭੜਕਾਇਆ ਜਾਂਦਾ ਹੈ ਕਿ ਭਾਜਪਾ ਇਸਾਈ ਵਿਰੋਧੀ ਹੈ, ਪਰੰਤੂ ਭਾਜਪਾ ਨੇ ਇਸਾਈ ਕਮਿਊਨਿਟੀ ਨੂੰ ਬਹੁਤ ਪਿਆਰ ਅਤੇ ਸਨਮਾਨ ਦਿੱਤਾ ਹੈ ਅਤੇ ਭਾਜਪਾ ਸਰਕਾਰ ਵੱਲੋਂ ਕਰਿਸ਼ਿਚਨ ਕਮਿਊਨਿਟੀ ਦੇ ਕੌਮੀ ਪ੍ਰਧਾਨ ਜਾੱਨ ਬਾਰਲਾ ਨੂੰ ਕੇਂਦਰੀ ਘੱਟ ਗਿਣਤੀ ਵਿਭਾਗ ਦਾ ਮੰਤਰੀ ਬਣਾਇਆ ਹੋਇਆ ਹੈ, ਜੋ ਕਿ ਇਸਾਈਆਂ ਲਈ ਸਨਮਾਨ ਵਾਲੀ ਗੱਲ ਹੈ। ਉਨਾਂ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਨੇ ਇਸਾਈ ਭਾਈਚਾਰੇ ਨੂੰ ਭੜਕਾਉਣ ਅਤੇ ਅਪਮਾਨਿਤ ਕਰਨ ਵਾਲਾ ਬਿਆਨ ਦਿੱਤਾ ਹੈ। ਉਨਾਂ ਕਿਹਾ ਕਿ ਆਪ ਆਗੂ ਬਿਆਨ ਦੇ ਰਹੇ ਹਨ ਕਿ ਪੰਜਾਬ ਵਿਚ ਲੋਕ ਪੈਸਿਆਂ ਦੇ ਲਾਲਚ ਅਤੇ ਪ੍ਰਲੋਭਨ ਦੇ ਲਈ ਇਸਾਈ ਭਾਇਚਾਰੇ ਨੂੰ ਅਪਣਾ ਰਹੇ ਹਨ। ਉਨਾਂ ਕਿਹਾ ਕਿ ਅਜਿਹਾ ਕਹਿ ਕੇ ਆਪ ਪਾਰਟੀ ਗਰੀਬ ਪੰਜਾਬਿਆਂ ਦਾ ਮਜਾਕ ਉਡਾ ਰਹੀ ਹੈ, ਨਾ ਕਿ ਇਸਾਈ ਭਾਈਚਾਰੇ ਦਾ। ਉਨਾਂ ਕਿਹਾ ਕਿ ਉਹ ਇਸ ਗੱਲ ਨੂੰ ਸਿਰੇ ਤੋਂ ਖਾਰਿਜ਼ ਕਰਦੇ ਹਨ ਅਤੇ ਲੋਕ ਸਿਰਫ਼ ਪਿਆਰ ਅਤੇ ਇਮਾਨ ਦੀ ਖਾਤਿਰ ਇਸਾਈ ਧਰਮ ਨੂੰ ਅਪਣਾ ਰਹੇ ਹਨ। ਉਨਾਂ ਕਿਹਾ ਕਿ ਇਸਾਈ ਭਾਈਚਾਰਾ ਆਮ ਆਦਮੀ ਪਾਰਟੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਖੁਲ ਕੇ ਵਿਰੋਧ ਕਰਦਾ ਹੈ ਅਤੇ ਕਰਦਾ ਰਹੇਗਾ। ਇਸ ਮੌਕੇ 'ਤੇ ਆਗੂ ਗੁਰਦੀਪ ਸਿੰਘ ਦੀਪਾ, ਰਮੇਸ਼ ਸਚਦੇਵਾ, ਧਨੰਜੈ ਮਦਾਨ, ਅਨੁਰਾਗ ਮਨਖੰਡ, ਭਾਰਤੀ ਸ਼ਰਮਾ, ਬਲਭਦਰ ਸੇਨ ਦੁੱਗਲ, ਚੋਣ ਇੰਚਾਰਜ਼ ਨਰੇਂਦਰ ਸਿਘ ਰਾਣਾ, ਲੱਕੀ ਸਰਵਟਾ ਤੋਂ ਇਲਾਵਾ ਹੋਰ ਮੌਜੂਦ ਸਨ।









# ਗ੍ਰਿਫਤਾਰੀ ਸਮੇ ਇਕ ਵਿਅਕਤੀ ਉਪਰ ਤਸ਼ੱਦਦ ਕਰਨ ਦੇ ਮਾਮਲੇ ਵਿਚ ਸਾਬਕਾ ਪੁਲਿਸ ਅਫਸਰ ਨੂੰ ਦੋ ਸਾਲ ਦੀ ਕੈਦ

ਸੈਕਰਾਮੈਂਟੋ (ਹੁਸਨ ਲੜੋਆ ਬੰਗਾ)- ਲੋਇਸਵਿਲੇ ਮੈਟਰੋ ਪੁਲਿਸ ਵਿਭਾਗ ਦੇ ਇਕ ਸਾਬਕਾ ਪੁਲਿਸ ਅਫਸਰ ਨੂੰ ਮਈ 2020 ਵਿਚ ਇਕ ਵਿਅਕਤੀ ਨੂੰ ਗ੍ਰਿ-ਫਤਾਰ ਕਰਨ ਸਮੇ ਉਸ ਉਪਰ ਤਸ਼ੱਦਦ ਕਰਨ ਦੇ ਮਾਮਲੇ ਵਿਚ ਅਦਾਲਤ ਨੇ 2 ਸਾਲ ਕੈਦ ਦੀ ਸਜਾ ਸੁਣਾਈ ਹੈ। ਅਮ-ਰੀਕਾ ਦੇ ਨਿਆਂ ਵਿਭਾਗ ਵੱਲੋਂ ਜਾਰੀ ਬਿਆਨ ਅਨੁਸਾਰ 34 ਸਾਲਾ ਸਾਬਕਾ ਪੁਲਿਸ ਅਫਸਰ ਕੋਰੀ ਈਵਾਨਜ ਨੂੰ ਯੂ ਐਸ ਡਿਸਟ੍ਰਿਕਟ ਜੱਜ ਰੀਬੇਕਾ ਗਰੈਡੀ ਨੇ ਦੋਸ਼ੀ ਕਰਾਰ ਦਿੰਦਿਆਂ ਬਚਾਅ ਪੱਖ ਦੀਆਂ ਦਲੀਲਾਂ ਰੱਦ ਕਰਦਿਆਂ ਸਜਾ ਦੇਣ ਦਾ ਫੈਸਲਾ ਸੁਣਾਇਆ। ਬਚਾਅ ਪੱਖ ਦੇ ਵਕੀਲ ਬਰੀਅਨ ਬਟਲਰ ਨੇ ਕਿਹਾ ਕਿ ਈਵਾਨਜ ਅਫਗਾਨਿਸਤਾਨ ਵਿਚ ਤਾਇਨਾਤ ਰਿਹਾ ਹੈ ਤੇ ਉਸ ਦੇ ਸੇਵਾ ਦਾ ਕਾਰਜਕਾਲ ਵਧੀਆ ਰਿਹਾ ਹੈ। ਉਸ ਨੇ ਲੋਇਸਵਿਲੇ ਮੈਟਰੋ ਪੁਲਿਸ



ਵਿਭਾਗ ਵਿਚ ਕੰਮ ਕਰਦਿਆਂ ਘਟੋ ਘੱਟ 4 ਲੋਕਾਂ ਦੀ ਜਾਨ ਬਚਾਈ ਸੀ। ਇਥੇ ਜਿਕਰਯੋਗ ਹੈ ਕਿ 31 ਮਈ 2020 ਨੂੰ ਇਕ ਗੈਰਕਾਨੂੰਨੀ ਇਕੱਠ ਤੇ ਕਰਫਿਊ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕੀਤੀ ਕਾਰਵਾਈ ਦੌਰਾਨ ਇਕ ਪ੍ਰਦਰਸ਼ਨਕਾਰੀ ਨੇ ਗੋਡਿਆਂ ਭਾਰ ਬੈਠ ਕੇ ਤੇ ਹੱਥ ਉਪਰ ਕਰਕੇ ਆਤਮ ਸਮਰਪਣ ਕਰ ਦਿੱਤਾ ਸੀ। ਇਸ ਦੌਰਾਨ ਈਵਾਨਜ ਨੇ ਉਸ ਵਿਅਕਤੀ ਦੇ ਸਿਰ ਦੇ ਪਿਛਲੇ ਪਾਸੇ ਜੋਰਦਾਰ ਡੰਡਾ ਮਾਰਿਆ। ਉਸ ਵਿਅਕਤੀ ਦੇ ਸਿਰ ਵਿਚ ਜਖਮ ਹੋ ਗਿਆ ਤੇ ਉਹ ਅੱਗੇ ਨੂੰ ਡਿੱਗ ਪਿਆ। ਡਿੱਗੇ ਪਏ ਨੂੰ ਹੋਰ ਪੁਲਿਸ ਅਫਸਰਾਂ ਨੇ ਹਿਰਾਸਤ ਵਿਚ ਲੈ ਲਿਆ ਸੀ। ਬਾਅਦ ਵਿਚ ਈਵਾਨਜ ਨੂੰ ਨੌਕਰੀ ਤੋਂ ਬਰਖ-ਾਸਤ ਕਰ ਦਿੱਤਾ ਗਿਆ ਸੀ। ਨਿਆਂ ਵਿਭਾਗ ਅਨੁਸਾਰ ਇਸ ਮਾਮਲੇ ਦੀ ਜਾਂਚ ਐਫ ਬੀ ਆਈ ਤੇ ਲੋਇਸਵਿਲੇ ਮੈਟਰੋ ਪੁਲਿਸ ਵਿਭਾਗ ਦੇ ਇੰਟੈਗਰਿਟੀ ਯੂਨਿਟ ਨੇ ਕੀਤੀ ਸੀ।

# ਰਾਮ ਰਹੀਮ ਦੀ ਪੈਰੋਲ ਨੇ ਉਸਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਮਿਲ਼ੇ ਮੁਆਫੀਨਾਮੇ ਦੀ ਯਾਦ ਦਿਵਾਈ ! -ਦੁਪਾਲ ਪੁਰ

## ਵੋਟਾਂ ਦੀ ਭੁੱਖ ਕਾਰਨ ਮੁਆਫੀ ਦਿਵਾਈ ਗਈ ਤੇ ਇਸੇ ਕਾਰਨ ਹੀ ਪੈਰੋਲ ਮਿਲ਼ੀ

ਸੈਨਹੋਜ਼ੇ -ਜਬਰਜਨਾਹ ਅਤੇ ਕਤਲ ਦੇ ਕੇਸਾਂ ਵਿਚ ਦੋਹਰੀ ਉਮਰ ਕੈਦ ਭੁਗਤ ਰਹੇ ਰਾਮ ਰਹੀਮ ਸਾਧ ਨੂੰ ਮਿਲ਼ੀ ਇੱਕੀ ਦਿਨਾਂ ਦੀ ਪੈਰੋਲ 'ਤੇ ਆਪਣੀ ਪ੍ਰਤੀ-ਕਿਰਿਆ ਦਿੰਦੇ ਹੋਏ ਅਮ-ਰੀਕਾ ਵਸਦੇ ਪ੍ਰਵਾਸੀ ਪੰਜਾਬੀ ਲੇਖਕ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਤਰਲੋਚਨ ਸਿੰਘ ਦੁਪਾਲ ਪੁਰ ਨੇ ਲਿਖਤੀ ਬਿਆਨ ਵਿਚ ਦੱਸਿਆ ਕਿ ਇਸ ਪੈਰੋਲ ਨੇ ਸਿੱਖ ਇਤਹਾਸ ਦਾ ਉਹ ਕਾਲ਼ਾ ਅਧਿਆਏ ਮੁੜ ਚੇਤੇ ਕਰਵਾ ਦਿੱਤਾ ਹੈ ਜਦ ਪੰਜਾਬ ਦੇ ਤਤਕਾਲੀ ਹਾਕਮ ਸਰਦਾਰ ਬਾਦਲ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਰ-ਬਉੱਚਤਾ ਦਾ ਘਾਣ ਕਰਦਿਆਂ ਉਸ ਵੇਲੇ



ਦੇ ਜਥੇਦਾਰ ਅਤੇ ਤਖਤ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਗੁਰਮੁਖ ਸਿੰਘ ਹੁਣਾ ਨੂੰ ਚੰਡੀਗੜ੍ਹ ਆਪਣੀ ਰਿਹਾਇਸ਼ 'ਤੇ ਬੁਲਾ ਕੇ ਸੌਦੇ ਸਾਧ ਨੂੰ ਮੁਆਫੀਨਾਮਾ ਦੇਣ ਦੇ ਹੁਕਮ ਸੁਣਾਏ ਸਨ !ਸਿੱਖ ਜਗਤ ਦੇ ਰੋਹ ਕਾਰਨ ਭਾਵੇਂ ਇਹ ਮੁਆਫੀਨਾਮਾ ਵਾਪਸ ਲੈ ਲਿਆ ਗਿਆ ਸੀ ਪਰ ਸਾਰੀ ਦੁਨੀਆਂ ਨੂੰ ਪਤਾ ਲੱਗ ਗਿਆ ਸੀ ਕਿ ਇਹ ਕੁਕਰਮ ਕਰਕੇ,ਸੌਦੇ ਸਾਧ ਦੇ ਪੈਰੋਕਾਰਾਂ ਦੀਆਂ ਵੋਟਾਂ ਦੀ ਭੁੱਖ ਕਾਰਨ ਹੀ ਪੰਥਕ ਪ੍ਰੰਪਰਾਵਾਂ ਨੂੰ ਰੋਲ਼ਿਆ ਗਿਆ ਹੈ! ਇਸੇ ਵੋਟ ਭੁੱਖ ਕਾਰਨ ਹੁਣ ਏਡੇ ਸੰਗੀਨ ਅਪਰਾਧੀ ਨੂੰ ਇੱਕੀ ਦਿਨ ਲੰਬੀ ਪੈਰੋਲ ਦਿੱਤੀ ਗਈ ਹੈ!ਜਦਕਿ ਆਪਣੀ ਪੂਰੀ ਸਜ਼ਾ ਭੁਗਤ ਚੁੱਕੇ ਸਿੱਖ ਕੈਦੀਆਂ ਬਾਰੇ ਸਰਕਾਰ ਨੇ ਚੁੱਪ ਵੱਟੀ ਹੋਈ ਹੈ।ਅਜਿਹਾ ਕਰਦਿਆਂ ਇਕੋ ਦੇਸ ਵਿਚ ਕਾਨੂੰਨ ਦੇ ਦੋਹਰੇ ਮਾਪਦੰਡ ਅਪਣਾਏ ਜਾ ਰਹੇ ਹਨ। ਮੌਜੂਦਾ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਅਤੇ ਬਾਦਲ ਦਲ ਦੇ ਕੁੱਝ ਆਗੂਆਂ ਵਲੋਂ ਸੌਦੇ ਸਾਧ ਦੀ ਪੈਰੋਲ ਬਾਰੇ ਕੀਤੇ ਜਾ ਰਹੇ ਇਤਰਾਜ਼ ਬਾਰੇ ਸਰਦਾਰ ਦੁਪਾਲ ਪੁਰ ਨੇ ਟਿੱਪਣੀ ਕਰਦਿਆਂ ਕਿਹਾ ਕਿ ਅੱਜ ਦੁਨਿਆਵੀ ਅਦਾਲਤ ਤੋਂ ਮਿਲ਼ੀ ਪੈਰੋਲ ਦਾ ਵਿਰੋਧ ਕਰਨਾ ਤੁਹਾਡਾ ਫਰਜ਼ ਹੀ ਹੈ ਪਰ ਬਾਦਲ ਰਾਜ ਵੇਲੇ ਇਸੇ ਸਾਧ ਨੂੰ ਸੱਚੇ ਪਾਤਸ਼ਾਹ ਦੇ ਸ੍ਰੀ ਅਕਾਲ ਤਖਤ ਤੋਂ ਮੁਆਫ ਕੀਤੇ ਜਾਣ ਦੇ ਸਵਾਲ 'ਤੇ ਤੁਹਾਡੀ ਜ਼ੁਬਾਨ ਨੂੰ ਤਾਲ਼ੇ ਕਿਉਂ ਲੱਗ ਜਾਂਦੇ ਹਨ ?ਜਿਵੇਂ ਹੁਣ ਸਾਰਾ ਸਿੱਖ ਜਗਤ ਸੌਦੇ ਸਾਧ ਦੀ ਪੈਰੋਲ ਦਾ ਵਿਰੋਧ ਕਰ ਰਿਹਾ ਹੈ ਇਵੇਂ ਖਾਲਸਾ ਪੰਥ ਉਦੋਂ ਤੋਂ ਹੀ ਉੱਚੀ ਅਵਾਜ਼ ਵਿਚ ਇਹ ਮੰਗ ਕਰਦਾ ਆ ਰਿਹਾ ਹੈ ਕਿ ਬਰਗਾੜੀ ਦੇ ਬਿਅਦਬੀ ਕਾਂਡ ਉਪਰੰਤ ਸ੍ਰੀ ਅਕਾਲ ਤਖਤ ਸਾਹਿਬ ਦੀ ਦੁਰਵਰਤੋਂ ਅਤੇ ਗੁਰੂ ਕੀ ਗੋਲ੍ਹਕ 'ਚੋਂ ਨੱਬੇ ਲੱਖ ਰੁਪਏ ਦੇ ਇਸ਼ਤਿਹਾਰਾਂ ਬਾਰੇ ਸਾਰਾ ਸੱਚ ਕੌਮ ਦੇ ਸਾਹਮਣੇ ਰੱਖਿਆ ਜਾਵੇ!ਆਖਰ ਝੂਠ ਦੇ ਪਰਦੇ ਕਿੰਨਾਂ ਕੁ ਚਿਰ ਪਾਈ ਰੱਖੋ ਗੇ ?


## Change of Name

I, Gurminder

S/O Jagminder Singh

Currently Resident of:

1305 19thAve.

Kingsburg, CA-93631, U.S.A.

Now I have changed my name

**From:** Gurminder

**To:** Gurminder Singh

All concerned kindly note it.


# ਚੋਣ ਜਿੱਤਣਾ ਮੇਰੀ ਅਜਾਦੀ ਦਾ ਹੀ ਸਵਾਲ ਹੈ, ਇਹ ਫੈਸਲਾ ਭੁਲੱਥ ਹਲਕੇ ਦੇ ਲੋਕਾ ਨੇ ਕਰਨਾ ਹੈ ਸੁਖਪਾਲ ਖਹਿਰਾ



ਭੁਲੱਥ, (ਗੋਗਨਾ/ ਧਵਨ)- ਵਿਧਾਨ ਸਭਾ ਹਲਕਾ ਭੁਲੱਥ ਤੋ ਕਾਂਗਰਸੀ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਵੱਲੋਂ ਅੱਜ ਆਪਣੇ ਗ੍ਰਹਿ ਵਿਖੇ ਚੋਣਾਂ ਦੀ ਬਾਬਤ ਇਕ ਮੀਟਿੰਗ ਰੱਖੀ ਗਈ, ਪਰ ਇਸ ਮੀਟਿੰਗ ਨੇ ਲੋਕਾਂ ਦੇ ਭਰਵੇ ਇਕੱਠ ਨਾਲ ਰੈਲੀ ਦਾ ਰੂਪ ਧਾਰਨ ਕਰ ਲਿਆ। ਮੀ-ਟਿੰਗ ਨੂੰ ਸੰਬੋਧਨ ਕਰਦੇ ਸੁਖਪਾਲ ਸਿੰਘ ਖਹਿਰਾ ਨੇ ਆਪਣੇ ਵਰਕਰਾਂ ਨੂੰ ਲਾਮਬੰਦ ਕੀਤਾ ਤੇ ਪੰਚਾਂ-ਸਰਪੰਚ ਤੇ ਮੋਹਤਵਾਰਾਂ ਨੂੰ ਅਰਜ ਕੀਤੀ ਕਿ ਆਪਣੇ ਪਿੰਡ-ਪਿੰਡ ਤੇ ਗਲੀ-ਗਲੀ ਘਰਾਂ ਦੇ ਦਰਵਾਜੇ ਤੇ ਜਾਕੇ ਲੋਕਾਂ ਨੂੰ ਮੇਰੇ ਇਸ਼ਤਿਹਾਰ ਦੇਵੋ ਤੇ ਅਤੇ ਵੋਟ ਦੀ ਅਪੀਲ ਕਰੋ। ਖਹਿਰਾ ਨੇ ਕਿਹਾ ਕਿ ਇਹ ਚੋਣ ਜਿੱਤਣਾਂ ਮੇਰੇ ਲਈ ਆਪਣੀ ਅਜਾਦੀ ਦੀ ਲੜਾਈ ਹੈ, ਇਹ ਵੀ ਕਿਹਾ ਕਿ ਜਦੋ ਮੇਰੀ ਜਿੱਤ ਹੋਵੇਗੀ ਤਾਂ ਸਮੁੱਚੇ ਭਾਰਤ ਤੇ ਵਿਦੇਸ਼ਾ ਚ' ਸੁਣਿਆ ਜਾਵੇਗਾ ਕਿ ਬੀ.ਜੇ.ਪੀ. ਜਾਂ ਈ.ਡੀ. ਜੋ ਦੋਸ਼ ਲਾਏ ਉਹ ਸਭ ਲੋਕਾਂ ਦੀ ਕਚਿਹਰੀ ਨੇ ਝੂਠੇ ਸਾਬਤ ਕਰ ਦਿੱਤੇ ਹਨ। ਸੁਖਪਾਲ ਖਹਿਰਾ ਨੇ ਕਿਹਾ ਇਹ ਚੋਣ ਮੇਰੇ ਭਵਿੱਖ ਦਾ ਤੇ ਮੇਰੇ ਪਿਛੋਕੜ ਦਾ ਸਵਾਲ ਹੈ, ਅਤੇ ਮੇਰੀ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਹਰ ਪੱਖ ਕੋਸ਼ਸਿ ਕਰੋ ਕਿ ਕਾਂਗਰਸ ਸਦੀ ਜਿੱਤ ਹੋਵੇ। ਇਸ ਮੋਕੇ ਪ੍ਰੋ. ਕੋਮਲ ਗੁਰਨੂਰ ਸਿੰਘ ਲੁਧਿਆਣਾ ਤੋ ਵਿਸ਼ੇਸ਼ ਤੋਰ ਤੇ ਪਹੁੰਚੇ ਤੇ ਅਤੇ ਉਹਨਾਂ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਜੇਕਰ ਪੰਜਾਬ ਦੀ ਤਕਦੀਰ ਦਾ ਫੈਸਲਾ ਲੋਕ ਕਰਦੇ ਹਨ। ਅਤੇ ਜੇਕਰ ਤੁਸੀ ਲੋਕ ਖਹਿਰਾ ਦੇ ਕੰਮਾਂ ਤੋ ਪ੍ਰਭਾਵਤ ਹੋ ਤਾਂ ਤੁਸੀ ਇਕ ਇਮਾਨਦਾਰ ਬੇਬਾਕ ਨਿੱਗਰ ਐਮਐਲਏ ਸੁਖਪਾਲ ਸਿੰਘ ਖਹਿਰਾ ਨੂੰ ਜਿੱਤਾਕੇ ਤੇ ਵਿਧਾਨ ਸ਼ਭਾ ਇੰਚ' ਭੇਜੋ,ਇਸ ਮੌਕੇ ਭਾਰੀ ਚ' ਇਕੱਠੇ ਹੋਏ ਲੋਕਾਂ ਓਨੇ ਜਿੰਨਾਂ ਚ' ਪਿੰਡਾਂ ਦੇ ਸਰਪੰਚ, ਨੰਬਰਦਾਰ ਨੇ ਹੱਥ ਖੜੇ ਕਰਕੇ ਖਹਿਰਾ ਦੇ ਹੱਕ ਚ' ਫ਼ਤਵਾ ਦਿੱਤਾ, ਤੇ ਕਿਹਾ ਕਿ ਭੁਲੱਥ ਦੀ ਸੀਟ ਖਹਿਰਾ ਦੀ ਝੋਲੀ ਪਵੇਗੀ, ਬੁਲਾਰਿਆ ਨੇ ਸੁਖਪਾਲ ਖਹਿਰਾ ਦੇ ਦੀ ਸ਼ਲਾਘਾ ਕਰਦੇ ਹੋਏ ਉਹਨਾਂ ਨੂੰ ਵੋਟਾਂ ਪਾਉਣ ਦਾ ਪ੍ਰਣ ਲਿਆ। ਅਤੇ ਮੋਹਤਵਾਰਾ ਨੇ ਖਹਿਰਾ ਦੇ ਚੰਨੀ ਸਰਕਾਰ ਦੇ ਟਾਇਮ ਚ' ਕਰਵਾਏ ਗਏ ਕੰਮਾਂ ਦੀ ਗਿਣਤੀ ਵੀ ਕਰਵਾਈ। ਰਾਮਗੜ੍ਹ ਹੋਏ ਮੋਹਤਵਾਰਾ ਦੇ ਇਕੱਠ ਚ' ਸ਼ਾਮਿਲ ਨੁਮਾਇੰਦਿਆ ਨੇ ਕਿਹਾ ਕਿ ਅਸੀਂ ਸੁਖਪਾਲ ਸਿੰਘ ਖਹਿਰਾ ਨੂੰ ਵੱਡੀ ਲੀਡ ਦੇ ਨਾਲ ਜਿੱਤਾ ਕੇ ਇਹ ਭੁਲੱਥ ਦੀ ਸੀਟ ਚਰਨਜੀਤ ਚੰਨੀ ਦੀ ਝੋਲੀ ਚ' ਪਾਵਾਂਗੇ।ਅਤੇ ਭੁਲੱਥ ਦੇ ਲੋਕ ਇਕ ਮਿਸਾਲ ਕਾਇਮ ਕਰ ਦੇਣਗੇ।

# ਸਰਕਾਰ ਬਣਨ 'ਤੇ ਐਸ ਸੀ ਵਜ਼ੀਫ਼ਾ ਸਕੀਮ ਮੁੜ ਸ਼ੁਰੂ ਕੀਤੀ ਜਾਵੇਗੀ



ਫਗਵਾੜਾ- ਅਕਾਲੀ-ਬਸਪਾ ਉਮੀਦ-ਵਾਰ ਜਸਬੀਰ ਸਿੰਘ ਗੜ੍ਹੀ ਦੇ ਹੱਕ ਵਿੱਚ ਉਨ੍ਹਾਂ ਦੇ ਪਰਿਵਾਰਕ ਮੈਂਬਰ ਲਗਾਤਾਰ ਘਰ-ਘਰ ਪ੍ਰਚਾਰ ਕਰ ਰਹੇ ਹਨ।ਅਕਾਲੀ-ਬਸਪਾ ਉਮੀਦਵਾਰ ਜਸਵੀਰ ਸਿੰਘ ਗੜ੍ਹੀ ਦੇ ਹੱਕ ਵਿੱਚ ਸਾਂਝੇ ਉਮੀਦਵਾਰ ਜਸਵੀਰ ਸਿੰਘ ਗੜ੍ਹੀ ਦੀ ਮਾਤਾ ਸੁਰਿੰਦਰ ਕੌਰ, ਪੁੱਤਰੀ ਦੀਕ-ਸ਼ਾ ਚੌਧਰੀ, ਪੁੱਤਰ ਜੈਦਿੱਤਵੀਰ ਸਿੰਘ ਅਤੇ ਭੂਆ ਕਸ਼ਮੀਰ ਕੌਰ ਫਗਵਾੜਾ ਦੇ ਪ੍ਰੀਤ ਨਗਰ ਇਲਾਕੇ ਵਿੱਚ ਟੀਮਾਂ ਨਾਲ ਚੋਣ ਪ੍ਰਚਾਰ ਕਰ ਰਹੇ ਹਨ।ਬੁੱਧਵਾਰ ਨੂੰ ਵੱਖ-ਵੱਖ ਟੀਮਾਂ ਨੇ ਗੰਡਵਾਂ, ਭਖਿਡਆਣਾ, ਰਾਣੀਪੁਰ ਕੰਬੋਆ, ਪ੍ਰੀਤ ਨਗਰ, ਰਵਿਦਾਸ ਨਗਰ, ਚਾਚੋਕੀ, ਭਗਤਪੁਰਾ, ਸੀਕਰੀ, ਢੰਡੇਲੀ, ਪੰਚਤ ਅਤੇ ਰਾਵਲਪਿੰਡੀ ਵਿੱਚ ਅਕਾਲੀ-ਬਸਪਾ ਉਮੀਦਵਾਰ ਦੇ ਹੱਕ ਵਿੱਚ ਘਰ-ਘਰ ਜਾ ਕੇ ਪ੍ਰਚਾਰ ਕੀਤਾ। ਉਨ੍ਹਾਂ ਲੋਕਾਂ ਨੂੰ 20 ਫਰਵਰੀ ਨੂੰ ਹੋਣ ਵਾਲੀਆਂ ਫਗਵਾੜਾ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ-ਬਸਪਾ ਉਮੀਦਵਾਰ ਜਸਵੀਰ ਸਿੰਘ ਗੜ੍ਹੀ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ।ਡੋਰ-ਟੂ-ਡੋਰ ਪ੍ਰਚਾਰ ਦੌਰਾਨ ਉਮੀਦਵਾਰ ਜਸਵੀਰ ਸਿੰਘ ਗੜ੍ਹੀ ਦੇ ਰਿਸ਼ਤੇਦਾਰਾਂ ਨੇ ਸਾਬਕਾ ਅਕਾਲੀ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਦੇ ਹਿੱਤ ਅਤੇ ਵਿਕਾਸ ਲਈ ਕੀਤੇ ਗਏ ਕੰਮਾਂ ਦੇ ਨਾਲ-ਨਾਲ ਸਰਦਾਰ ਗੜ੍ਹੀ ਦੇ ਫਗਵਾੜਾ ਮੈਨੀਫੈਸਟੋ ਬਾਰੇ ਗੱਲ ਕੀਤੀ, ਜਿਸ ਵਿੱਚ ਉਨ੍ਹਾਂ ਫਗਵਾੜਾ ਨੂੰ ਜ਼ਿਲ੍ਹੇ ਦਾ ਦਰਜਾ, ਸ਼ਹਿਰ ਵਿੱਚ ਪਾਰਕ ਅਤੇ ਸਟੇਡੀਅਮ ਦੀ ਉਸਾਰੀ, ਪੰਜ ਸੌ ਬਿ-ਸਤਰਿਆਂ ਦਾ ਹਸਪਤਾਲ ਅਤੇ ਮੈਡੀਕਲ ਕਾਲਜ ਆਦਿ ਸ਼ਾਮਲ ਹਨ।ਉਨ੍ਹਾਂ ਕਿਹਾ ਕਿ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਐਸਸੀ ਵਜ਼ੀਫ਼ਾ ਸਕੀਮ ਮੁੜ ਸ਼ੁਰੂ ਕੀਤੀ ਜਾਵੇਗੀ। ਘਰ-ਘਰ ਜਾ ਕੇ ਇਹ ਸੁਨੇਹਾ ਦਿੱਤਾ ਜਾ ਰਿਹਾ ਹੈ ਕਿ ਇਸ ਵਾਰ ਫਗਵਾੜਾ ਦੀ ਬਿਹਤਰੀ ਅਤੇ ਵਿਕਾਸ ਲਈ ਜਸਵੀਰ ਸਿੰਘ ਗੜ੍ਹੀ ਨੂੰ ਵੋਟ ਦਿਓ। ਇਸ ਮੌਕੇਇਸ ਮੌਕੇ ਸੀਮਾ, ਕਾਲਾ ਮਹਿਤਾਨ, ਨੀਲਮ ਜੀ, ਜੀਤੇ ਜੀ, ਜਸਵਿੰਦਰ ਕੌਰ, ਰਸ਼ਨ ਲਾਲ, ਕਰਨ ਸ਼ਰਮਾ, ਗੁਰਪ੍ਰੀਤ, ਮਹੇਨ ਲਾਲ, ਨਿਰਮਲ ਸਿੰਘ, ਬਲਬੀਰ ਕੁਮਾਰ, ਚਿਰੰਜੀ ਲਾਲ, ਲੇਖਰਾਜ, ਸਿਮਰਨ ਗੜ੍ਹੀ, ਰਤਨ ਸ਼ਾਮਿਲ ਹਨ।

# 'ਲੇਖਕ ਦੇ ਵਿਹੜੇ' ਤਹਿਤ ਸਾਹਿਤਕ ਸਮਾਗਮ ਕਰਵਾਇਆ



ਨਵਜੋਤ ਸਾਹਿਤ ਸੰਸਥਾ (ਰਜਿ.) ਔੜ ਵਲੋਂ 'ਲੇਖਕਾਂ ਦੇ ਵਿਹੜੇ' ਬੈਨਰ ਹੇਠ ਮਹੀਨਾਵਾਰ ਸਮਾਗਮਾਂ ਦੀ ਲੜੀ ਸ਼ੁਰੂ ਕੀਤੀ ਗਈ ਹੈ। ਇਸ ਤਹਿਤ ਪਿੰਡ ਉੜਾਪੜ ਵਿਖੇ ਕਰਵਾਏ ਪਲੇਠੇ ਸਮਾਗਮ 'ਚ ਪਿਆਰਾ ਲਾਲ ਬੰਗੜ ਪਾਠਕਾਂ ਦੇ ਰੂ-ਬ-ਰੂ ਹੋਏ। ਸਮਾਗਮ 'ਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਸਮਾਜਿਕ ਚਿੰਤਕ ਐਡਵੋਕੇਟ ਦਲਜੀਤ ਸਿੰਘ ਉੜਾਪੜ, ਦੀ ਅਗਵਾਈ 'ਚ ਸ਼ਮਾਂ ਰੌਸ਼ਨ ਦੀ ਰਸਮ ਨਿਭਾਈ ਗਈ। ਸੰਸਥਾ ਦੇ ਪ੍ਰਧਾਨ ਸਤਪਾਲ ਸਾਹਲੋਂ ਨੇ ਲੇਖਕ ਪਿਆਰਾ ਲਾਲ ਬੰਗੜ ਦੇ ਜੀਵਨ ਸਫ਼ਰ ਦੀਆਂ ਸੇਵਾਵਾਂ ਬਾਰੇ ਚਾਨਣਾ ਪਾਉਂਦਿਆਂ ਉਹਨਾਂ ਨੂੰ ਪਿੰਡ ਦੇ ਬਹੁਪ-ੱਖੀ ਵਿਕਾਸ ਲਈ ਚੰਗੀ ਸੋਚ ਰੱਖਣ ਅਤੇ ਸਮਾਜ ਨੂੰ ਸਾਹਿਤਕ ਰਚਨਾਵਾਂ ਰਾਹੀਂ ਸੇਧ ਦੇਣ ਵਾਲੇ ਦੱਸਿਆ। ਸੰਸਥਾ ਦੇ ਸਕੱਤਰ ਸੁਰਜੀਤ ਮਜਾਰੀ ਨੇ ਦੱਸਿਆ ਕਿ ਪਿਆਰਾ ਲਾਲ ਬੰਗੜ ਨਵਜੋਤ ਸਾਹਿਤ ਸੰਸਥਾ ਦੇ ਮੋਢੀ ਮੈਂਬਰ ਹਨ ਅਤੇ ਸੰਸਥਾ ਦੀਆਂ ਸਾਰੀਆਂ ਸਰ-ਗਰਮੀਆਂ 'ਚ ਬਿਰਧ ਵਰੇਸੇ ਵੀ ਜੁਆਨ ਦਿਲ ਨਾਲ ਭਾਗ ਲੈਂਦੇ ਹਨ। ਇਸ ਮੌਕੇ ਪਿਆਰਾ ਲਾਲ ਬੰਗੜ ਵਲੋਂ ਰਚਨਾਵਾਂ ਸਾਂਝੀਆਂ ਕੀਤੀਆਂ ਗਈਆਂ ਜਿਹਨਾਂ ਨੂੰ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਦਿੱਤਾ ਗਿਆ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਪ੍ਰੋ. ਸੰਧੂ ਵਰਿਆਣਵੀ ਦੀ ਅਗਵਾਈ ਚ ਸਨਮਾਨ ਰਸਮਾਂ ਕੀਤੀਆਂ ਗਈਆਂ ।

ਇਸ ਮੌਕੇ ਐਡਵੋਕੇਟ ਅਮਨਦੀਪ ਸਿੰਘ, ਤਰਸੇਮ ਸਾਕੀ, ਲੈਕਚਰਾਰ ਦਵਿੰਦਰ ਸਕੋਹਪੁਰੀ, ਰੇਸ਼ਮ ਕਰਨਾਣਵੀ, ਹਰਮਿੰਦਰ ਹੈਰੀ, ਮੱਖਣ ਬਖ਼ਲੌਰ, ਚਰਨਜੀਤ ਸਿੰਘ ਭੂਤਾਂ, ਬਿੰਦਰ ਮੱਲਾਬੇਦੀਆਂ, ਆਦਿ ਨੇ ਰਚ-ਨਾਵਾਂ ਅਤੇ ਵਿਚਨਾਵਾਂ ਪੇਸ਼ ਕੀਤੀਆਂ।

# ਮੂਕਨਾਇਕ



ਹਰਦੀਪ ਸਿੰਘ ਚੁੰਬਰ
+91-94636-01616

ਮਨੁੱਖ ਜਦੋਂਮਨੁੱਖ ਦੀ ਗੁਲਾਮੀ ਤੋਂ ਆਜਾਦ ਹੁੰਦਾ ਹੈ ਤਾਂ ਸਭ ਤੋਂ ਪਹਿਲਾਂ ਉਹ ਧਰਮ, ਜਾਤੀ ਅਤੇ ਰਾਜਨੀਤੀ ਤੋਂ ਉਪਰ ਉੱਠਕੇ ਅਪਣੇ ਆਜਾਦ ਹੋਏ ਕਬੀਲੇ, ਦੇਸ਼, ਸਮਾਜ ਜਾਂ ਖੇਤਰ ਵਿੱਚ ਧਨ, ਦੌਲਤ ਅਤੇ ਸੰਸਾਧਨਾਂ ਦੀ ਸਹੀ ਢੰਗ ਨਾਲ ਸਭ ਵਿੱਚ ਵੰਡ ਕਰਦਾ ਹੈ। ਉਸ ਤੋਂ ਬਾਅਦ ਉਸ ਨੂੰ ਸਿੱਖਿਆ ਅਤੇ ਸਿਹਤ ਦੇ ਸਾਧਨਾਂ ਦਾ ਸਭ ਲਈ ਇੱਕੋ ਜਿਹਾ ਪ੍ਰਬੰਧ ਕਰਦਾ ਹੈ। ਸਭ ਦੇ ਪਹੁੰਚ ਵਿੱਚ ਹੋਣ ਵਾਲੀ ਨਿਆਏ ਵਿਵਸਥਾ ਦਾ ਪ੍ਰਬੰਧ ਕਰਦਾ ਹੈ। ਸਮਤਾ ਸਮਾਨਤਾ ਅਤੇ ਭਾਈਚਾਰੇ ਵਾਲੇ ਮਹੌਲ ਬਣਾਉਂਦਾ ਹੈ। ਸਭ ਲਈ ਇਕੋ ਜਿਹੇ ਤਰੱਕੀ ਦੇ ਰਸਤੇ ਖੋਲਦਾ ਹੈ। ਹਰ ਇੱਕ ਦੇ ਲਈ ਆਪਣੀ ਗੱਲ ਕਰਨ ਕਹਿਣ ਦਾ ਵਧੀਆਂ ਮਹੌਲ ਸਿਰਜਦਾ ਹੈ।

ਇਸ ਦੇ ਉਲਟਮਨੁੱਖ ਨੇ ਮਨੁੱਖ ਨੂੰ ਗੁਲਾਮ ਬਨਾਉਣ ਲਈ ਸਭ ਤੋਂ ਪਹਿਲਾਂ ਧਰਮ, ਜਾਤੀ ਅਤੇ ਰਾਜਨੀਤੀ ਦਾ ਵਿਤਕਰਾ ਪੈਦਾ ਕਰ ਸਮਾਜ ਨੂੰ ਆਪਸ ਵਿੱਚ ਲੜਾਉਂਦਾ ਹੈ, ਜਦੋਂ ਉਹ ਆਪਸੀ ਝਗੜਿਆਂ ਵਿੱਚ ਪਏ ਹੁੰਦੇ ਹਨ ਤਾਂ ਚਲਾਕ ਮਨੁੱਖ ਉਸ ਦਾ ਧਨ ਦੌਲਤ ਅਤੇ ਸੰਸਾਧਨ ਖੋਹ ਲੈਂਦਾ ਹੈ ਅਤੇ ਉਸ ਤੋਂ ਬਾਅਦ ਉਸ ਦੇ ਸਿੱਖਿਆ ਅਤੇ ਸਿਹਤ ਦੇ ਸਾਧਨ ਖੋਹਣ ਲਈ ਬਹੁਤ ਮਹਿੰਗੇ ਕਰ ਉਸ ਦੀ ਪਹੁੰਚ ਤੋਂ ਬਾਹਰ ਕਰ ਦਿੰਦਾ ਹੈ। ਕਾਨੂੰਨ ਵਿਵਸਥਾ ਬਹੁਤ ਮਹਿੰਗੀ ਲਟਕਾਊ ਅਤੇ ਆਮ ਮਨੁੱਖ ਦੀ ਪਹੁੰਚ ਤੋਂ ਬਾਹਰ ਕਰ ਦਿੰਦਾ ਹੈ। ਭਾਈਚਾਰੇ ਵਿੱਚ ਫੁੱਟ ਦੇ ਨਵੇਂ ਨਵੇਂ ਬੀਜ ਬੀਜ ਉਲਝਾ ਦਿੰਦਾ ਹੈ। ਤਰੱਕੀ ਦਾ ਰਾਹ ਕੇਵਲ ਚਹੇਤਿਆਂ ਦੇ ਪਹੁੰਚ ਵਾਲੇ ਕਰ ਦਿੰਦਾ ਹੈ। ਮੀਡੀਆ ਅਤੇ ਪ੍ਰਚਾਰ ਦੇ ਸਾਧਨਾਂ ਦੀ ਅਜਾਦੀ ਖਤਮ ਕਰ ਆਮ ਲੋਕਾਂ ਦੀ ਅਵਾਜ ਨੂੰ ਦਬਾ ਦਿਤਾ ਜਾਂਦਾ ਹੈ।



ਭਾਰਤੀ ਲੋਕ ਜਿਸ ਨੂੰ ਅਜਾਦੀ ਦਾ ਨਾਂ ਦੇ ਰਹੇ ਹਨ ਉਹ ਕੇਵਲ ਸੱਤਾ ਪ੍ਰੀਵਰਤਨ ਹੀ ਸੀ। ਕਿਸੇ ਤਰਾਂ ਦੇ ਧਨ ਦੌਲਤ ਅਤੇ ਸੰਸਾਧਨ ਦਾ ਵਟਵਾਰਾ ਨਹੀਂ ਹੋਇਆ। ਜਿਸ ਤਰਾਂ ਪਹਿਲਾਂ ਚਲਦਾ ਸੀ ਲਗਭਗ ਉਹ ਹੀ ਰਿਹਾ। ਫਰਕ ਕੇਵਲ ਬਾਬਾ ਸਾਹਿਬ ਦਾ ਹੋਣ ਅਤੇ ਅੰਗਰੇਜ ਸਰਕਾਰ ਦਾ ਮਾਨਵਤਾਵਾਦੀ ਹੋਣ ਦੇ ਕਾਰਨ ਹੀ ਪਿਆ। ਭਾਰਤ ਦੇ ਨਾਲੋ ਵੱਖ ਹੋ ਕੇ ਪਾਕਿਸਤਾਨ ਵੀ ਅਲਗ ਰਾਸ਼ਟਰ ਬਣਿਆ, ਲੇਕਿਨ ਦੋਨਾਂ ਦੇਸ਼ਾਂ ਵਿੱਚ ਬਹੁਤ ਵੱਡਾ ਅੰਤਰ ਹੈ। ਉਸ ਵਿੱਚ ਇਕ ਧਾਰਮਿਕ ਰਾਸ਼ਟਰ ਬਣਨ ਤੋਂ ਬਿਨਾ ਕੋਈ ਵੱਡਾ ਅੰਤਰ ਨਹੀ ਹੋ ਸਕਿਆ। ਉਸ ਦੀ ਸਮਾਜਿਕ ਰਾਜਨੀਤਿਕ ਅਤੇ ਆਰਥਿਕ ਪੱਖੋਂ ਭਾਰਤ ਨਾਲੋ ਬਹੁਤ ਪਤਲੀ ਹਾਲਤ ਹੈ।

ਕਿਸੇ ਵੀ ਦੇਸ਼ ਦਾ ਅਦਰੂਨੀ ਢਾਂਚਾ, ਨਾਗਰਿਕਾਂ ਦੀ ਅਜਾਦੀ ਨੂੰ ਸਮਝਣ ਲਈ ਕੋਈ ਇੱਕ ਪੈਰਾਮੀਟਰ ਨਹੀਂ ਹੋ ਸਕਦਾ। ਮਨੁੱਖ ਦੇ ਵਿਕਾਸ਼ ਲਈ ਬਹੁਤ ਸਾਰੀਆਂ ਦਿਸ਼ਾਵਾਂ ਤੋਂ ਪ੍ਰਭਾਵ ਪਾਉਣ ਵਾਲੇ ਕਾਰਕਾਂ ਅਤੇ ਕਾਰਨਾਂ ਨੂੰ ਜਾਨਣਾ ਜਰੂਰੀ ਹੁੰਦਾ ਹੈ। ਸਾਰੀਆਂ ਦਾ ਜਿਕਰ ਕਰਨਾ ਮੁਸ਼ਕਿਲ ਹੈ, ਫਿਰ ਵੀ ਜਾਨਣ ਲਈ ਕੋਈ ਸਿਰਾ ਤਾਂ ਫੜਨਾ ਪਵੇਗਾ ਹੀ। ਇਸ ਦੇ ਇਕ ਪਹਿਲੂ ਭਾਰਤੀਪ੍ਰਮੁੱਖ ਮੀਡੀਆ ਸਮਾਜ ਅਤੇ ਸਮਾਜ ਦੀ ਹਿੱਸੇਦਾਰੀਦਾ ਜਿਕਰ ਕਰੀਏ ਤਾਂ ਇੱਕ ਡਾਟਾ ਕੁੱਝ ਜਰੂਰ ਦਸ ਜਾਂਦਾ ਹੈ।

ਭਾਰਤੀ ਸਮਾਜ ਅਤੇ ਇਸ ਦੀ ਭਾਰਤ ਦੇ ਪ੍ਰਮੁੱਖ ਮੀਡੀਆ ਵਿੱਚ ਹਿੱਸੇਦਾਰੀਨੂੰ ਦੇਖੀਏ ਤਾਂ ਪਤਾ ਲਗਦਾ ਹੈ ਕਿ ਭਾਰਤ ਦੀ ਆਬਾਦੀ ਵਿੱਚਮੀਡੀਆ ਕਰਮਚਾਰੀਆਂ ਦੀ ਹਿੱਸੇਦਾਰੀ ਵਿੱਚ ਤਕਰੀਬਨ 'ਦਵਿਤ' ਹਿੰਦੂ (ਬ੍ਰਾਹਮਣ, ਕਸ਼ਤਰੀ, ਵੈਸ਼ਿਆ, ਹੋਰ) ਦੀ ਅਬਾਦੀ 16%ਹੈ ਅਤੇ ਮੀਡੀਆ ਵਿੱਚ ਹਿੱਸੇਦਾਰੀ 85% ਹੈ। 'ਵਿਚਲੀਆਂ' ਹਿੰਦੂ ਜਾਤੀਆਂ (ਜਾਟ, ਰੈਡੀ, ਮਰਾਠਾ, ਪਟੇਲ, ਆਦਿ) ਦੀ ਅਬਾਦੀ 8% ਅਤੇ ਮੀਡੀਆ ਵਿੱਚ ਹਿੱਸੇਦਾਰੀ3% ਹੈ। ਹਿੰਦੂ ਓ ਬੀ ਸੀ ਦੀ ਅਬਾਦੀ 34% ਅਤੇ ਮੀਡੀਆ ਵਿੱਚ ਹਿੱਸੇਦਾਰੀ4% ਹੈ। ਮੁਸਲਮਾਨ ਦੀ ਅਬਾਦੀ 13% ਅਤੇ ਮੀਡੀਆ ਵਿੱਚ ਹਿੱਸੇਦਾਰੀ4% ਹੈ। ਈਸਾਈ ਦੀ ਅਬਾਦੀ 2% ਅਤੇ ਮੀਡੀਆ ਵਿੱਚ ਹਿੱਸੇਦਾਰੀ3% ਹੈ। ਭਾਰਤ ਵਿੱਚ ਸਿੱਖਾਂਦੀ ਅਬਾਦੀ 2% ਅਤੇ ਮੀਡੀਆ ਵਿੱਚ ਹਿੱਸੇਦਾਰੀ1% ਹੈ। ਇਸੇ ਹੀ ਤਰਾਂ ਭਾਰਤ ਵਿੱਚਐਸਸੀ ਦੀ ਅਬਾਦੀ 16% ਅਤੇ ਮੀਡੀਆ ਵਿੱਚ ਹਿੱਸੇਦਾਰੀ 0%ਹੈ ਅਤੇਐਸਟੀ ਦੀ ਅਬਾਦੀ 8% ਅਤੇ ਮੀਡੀਆ ਵਿੱਚ ਹਿੱਸੇਦਾਰੀ 0% ਹੈ। ਇਸ ਮੀਡੀਆ ਦਾ ਪੱਖਪਾਤੀ ਰਵਈਆ ਅਤੇ ਇਸ ਦੀ ਅਣਹੋਂਦ ਦੀ ਘਾਟ ਅਤੇ ਆਪਣੀ ਆਵਾਜ ਆਪਣੇ ਲੋਕਾਂ ਤਕ ਨਾ ਪਹੁੰਚਣ ਦਾ ਦਰਦ ਹਮੇਸ਼ਾ ਬਾਬਾ ਸਾਹਿਬ ਨੇ ਮਹਿਸੂਸ ਕੀਤਾ।

ਇਕ ਮਹੱਤਵਪੂਰਨ ਘਟਨਾ ਉਸ ਵੇਲੇ ਹੋਈ ਜਦੋਂ ਬਾਬਾ ਸਾਹਿਬ ਨੇ ਬਾਲ ਗੰਗਾਧਰ ਤਿਲਕ ਦੇ ਅਖਵਾਰ ਕੇਸ਼ਰੀ ਨੂੰ ਇਕ ਇਸ਼ਤਿਹਾਰ ਛਾਪਣ ਲਈ ਇਕ ਪਰੈਸ ਨੋਟ ਦੇ ਨਾਲ 3 ਰੁਪਏ ਪਬਲਿਸ਼ਿੰਗ ਫੀਸ ਵੀ ਭੇਜੀ। ਲੇਕਿਨ ਤਿਲਕ ਨੇ ਨੋਟ ਛਾਪਣ ਤੋਂ ਅਣਗੌਲਿਆ ਕੀਤਾ ਅਤੇ ਫੀਸ ਵਾਪਸ ਕਰ ਦਿੱਤੀ। ਉਸ ਸਮੇਂ ਬਾਬਾ ਸਾਹਿਬ ਨੂੰ ਯਕੀਨ ਹੋ ਗਿਆ ਸੀ ਕਿ ਬ੍ਰਾਹਮਣਵਾਦੀ ਮੀਡੀਆ ਕਦੇ ਵੀ ਅਛੂਤ ਲੋਕਾਂ ਦੀਆਂ ਮੁਸ਼ਕਲਾਂ ਨੂੰ ਮਹੱਤਵਪੂਰਨ ਅਤੇ ਰਾਸ਼ਟਰੀ ਮਹੱਤਵ ਦੀ ਨਹੀਂ ਦੇਵੇਗਾ।

ਬਾਬਾ ਸਾਹਿਬ ਨੇ ਫੈਸਲਾ ਲਿਆ ਕਿ ਉਹ ਇੱਕ ਹਫਤਾਵਾਰੀ, ਅਛੂਤਾਂ ਦੇ ਮਸਲਿਆਂ ਅਤੇ ਚੁਣੌਤੀਆਂ ਨੂੰ ਸਮਰਪਿਤਆਪਣਾ ਅਖਬਾਰ ਸੂਰੂ ਕਰਨਗੇ। ਉਹਨਾ ਨੇ ਇਸਦਾ ਨਾਮ ਮੂਕਨਾਇਕ (ਗੂੰਗਿਆਂ ਦਾ ਆਗੂ) ਰੱਖਿਆ। ਜਿਵੇਂ ਹੀ ਅਖਬਾਰ ਦਾ ਦਾਇਰਾ ਵਧਦਾ ਗਿਆ, ਕੋਲਹਾਪੁਰ ਦੇ ਛਤਰਪਤੀ ਸ਼ਾਹੂ ਮਹਾਰਾਜ ਖੁਦ ਮੁਕਨਾਇਕ ਨੂੰ ਸ਼ੁਰੂ ਕਰਨ ਲਈ 2,500 ਰੁਪਏ ਦਾ ਚੰਦਾ ਦੇਣ ਲਈਉਹ ਮੁੰਬਈ ਵਿਖੇ ਚੱਵਾਲ ਵਿਚਬਾਬਾ ਸਾਹਿਬ ਨੂੰ ਮਿਲਣ ਗਏ। ਪਹਿਲੇ ਅੰਕ ਵਿਚ 31 ਜਨਵਰੀ 1920 ਨੂੰ ਛਾਪਿਆ ਗਿਆ ਸੀ ਅਤੇ ਇਸ ਵਿਚ ਹਿੰਦੂ ਜਾਤੀ ਸਮਾਜਿਕ ਢਾਂਚੇ ਦੀ ਬਣਤਰ, ਮਾਨਸਿਕਤਾ ਅਤੇ ਇਸ ਵਿਚ ਅਸਮਾਨਤਾ ਦੀ ਮਨੁੱਖ ਦੇ ਮਨ ਵਿੱਚ ਭਰੀ ਦੂਜੇ ਮਨੁੱਖ ਦੇ ਖਿਲਾਫ ਨਫ਼ਰਤ ਨੂੰ ਨੰਗਿਆਂ ਕਰਨ ਦੀ ਬਹੁਤ ਵਧੀਆ ਵਕਾਲਤ ਕਰਦੇ ਲੇਖ ਸ਼ਾਮਲ ਕੀਤੇ ਜਾਂਦੇ ਸਨ।

ਬਾਬਾ ਸਾਹਿਬ ਨੇ ਲਿਖਿਆ"ਹਿੰਦੂ ਸਮਾਜ ਇਕ ਇਮਾਰਤ ਵਰਗਾ ਹੈ ਅਤੇ ਹਰ ਜਾਤੀ ਲਈ ਇਸ ਵਿਚ ਇਕ ਵਖਰੀ ਮੰਜ਼ਲਿ ਹੈ। ਪਰ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਇਸ ਇਮਾਰਤ ਦੀਆਂ ਪੌੜੀਆਂ ਨਹੀਂ ਹਨ ਅਤੇ ਇਸ ਲਈ ਇਕ ਮੰਜਿਲ ਤੋਂ ਦੂਸਰੀ ਮੰਜ਼ਲਿ ਤਕ ਜਾਣ ਦਾ ਕੋਈ ਤਰੀਕਾ ਨਹੀਂ ਹੈ। ਜਿਹੜੇ ਲੋਕ ਜਿਸ ਮੰਜ਼ਲਿ ਵਿਚ ਪੈਦਾ ਹੁੰਦੇ ਹਨ ਉਨ੍ਹਾਂ ਨੂੰ ਆਪਣੀਉਸੇ ਹੀ ਮੰਜ਼ਲਿ ਵਿਚ ਮਰਨਾ ਹੁੰਦਾ ਹੈ। ਜੇ ਕੋਈ ਵਿਅਕਤੀ ਹੇਠਲੀ ਮੰਜ਼ਲਿ ਤੋਂ ਹੈ, ਭਾਵੇਂ ਉਹ ਜਿੰਨਾ ਵੀ ਗੁਣਵਾਨ ਅਤੇ ਯੋਗਤਾ ਵਾਲਾ ਹੋਵੇ, ਉਹ ਉਪਰਲੇ ਮੰਜ਼ਲਿ ਤੇ ਨਹੀਂ ਜਾ ਸਕਦਾ। ਉਪਰਵਾਲੇ ਮੰਜ਼ਲਿ ਵਿਚੋਂ ਇਕ ਵੀ ਵਿਅਕਤੀ ਭਾਵੇਂ ਉਹ ਜਿੰਨਾ ਵੀ ਬੇਕਾਰ ਨਕਾਰਾ ਹੋਵੇ,ਸਮਾਜ ਵਿੱਚ ਕਿਸੇ ਨੂੰ ਵੀ ਉਸ ਨੂੰ ਮੰਜਿਲ ਤੋਂ ਹੇਠਾਂ ਲਿਆਉਣ ਦੀ ਸਹਿਮਤੀਅਤੇ ਹਿੰਮਤ ਨਹੀਂ ਹੁੰਦੀ"।ਪੇਪਰ ਦੀ ਸੰਪਾਦਕੀ ਤੋਂ ਇਲਾਵਾ, ਇਸ ਮੁੱਦੇ ਵਿੱਚ 13 ਵੀਂ ਸਦੀ ਦੇ ਕਵੀ-ਸੰਤ ਤੁਕਾਰਾਮ ਦੀਆਂ ਕਾਵਿ ਰਚਨਾਵਾਂ ਨੂੰ ਵੀ ਜੋੜਿਆ ਕਰਦੇ ਸਨ।

ਬਾਬਾ ਸਾਹਿਬ1917 ਵਿਚ ਆਪਣੀ ਵਿਦੇਸ਼ ਵਾਪਸੀ ਤੋਂ ਬਾਅਦ ਵੀ, ਇਹ ਕੰਮ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਅਤੇ ਇਸ ਲਈ ਕਾਫ਼ੀ ਪੈਸਿਆਂ ਦੀ ਬਚਤ ਕਰ ਰਿਹੇ ਸਨ; ਇਹ ਇਕ ਮਹੱਤਵਪੂਰਣ ਸਮਾਂ ਸੀ।1918-19 ਦੇ ਵਿਚਕਾਰ, ਸਾਊਥਬਰੋ ਕਮੇਟੀ ਨੇ ਅਛੂਤਾਂ ਦੀ ਤਰਫੋਂ, ਬਾਬਾ ਸਾਹਿਬ ਨੂੰ ਇਸ ਤੋਂ ਪਹਿਲਾਂ ਆਪਣਾ ਪੱਖ ਰਖਣ ਲਈ ਬੁਲਾਇਆ ਸੀ। ਬਾਬਾ ਸਾਹਿਬ ਅੰਬੇਦਕਰ ਜੀ ਦੇ ਨਾਲ ਨਾਲ, ਇੱਕ ਉੱਚ ਜਾਤੀ ਦੇਵਿੱਠਲ ਰਾਮਜੀ ਸ਼ਿੰਦੇ,ਸਮਾਜ ਸੇਵਕ ਨੂੰ ਵੀ ਆਪਣੇ ਵਿਚਾਰ ਦੇਣ ਲਈ ਕਿਹਾ ਗਿਆ ਸੀ। ਅਗਲੇ ਦਿਨ ਜਦੋਂ ਸਾਊਥਬਰੋ ਕਮੇਟੀ ਦੀ ਕਾਰਵਾਈ ਨੂੰ ਮੌਕੇ ਦੀਆਂ ਅਖਬਾਰਾਂ ਨੇ ਪ੍ਰਕਾਸ਼ਤ ਕੀਤਾ ਤਾਂਸ਼ਿੰਦੇ ਦੇ ਬਿਆਨ ਨੂੰ ਮਹੱਤਵਪੂਰਣ ਜਗ੍ਹਾ ਮਿਲੀ। ਲੇਕਿਨ ਬਾਬਾ ਸਾਹਿਬ ਦੁਆਰਾ ਰਾਖਵਾਂਕਰਨ ਅਤੇ ਵੱਖਰੇ ਵੋਟਰਾਂ ਬਾਰੇ ਆਪਣੀਆਂ ਸਿਫਾਰਸ਼ਾਂ ਨੂੰ ਜੋਰਦਾਰ ਢੰਗ ਨਾਲ ਕਮੇਟੀ ਅਗੇ ਰੱਖੇ ਗਏ ਪੱਖ ਨੂੰ ਬੜੇ ਹੀ ਹਲਕੇ ਵਿੱਚ ਲਿਆ ਗਿਆ ਸੀ। ਇਸੇ ਹੀ ਤਰਾਂ ਜਨਵਰੀ 1919 ਵਿਚ, ਬਾਬਾ ਸਾਹਿਬ ਨੇ ਟਾਈਮਜ਼ ਆਫ਼ ਇੰਡੀਆ ਨੂੰ ਇਕ ਪੱਤਰ 'ਇਕ ਮਹਾਰ' ਦੇ ਨਾਂ ਹੇਠ ਲਿਖਿਆ ਲੇਖ ਭੇਜਿਆ; ਲੇਕਿਨਅਖਬਾਰ ਨੇ ਉਹਨਾਂ ਦਾ ਪੱਤਰ ਪ੍ਰਕਾਸ਼ਤ ਨਹੀਂ ਕੀਤਾ। ਬਾਬਾ ਸਾਹਿਬ ਕੋਲ, ਬ੍ਰਿਟਿਸ਼ ਰਾਜ ਅਧੀਨ ਮੀਡੀਆ ਦੇ ਪੱਖਪਾਤਕਰਨ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਸਨ।

ਭਾਰਤੀ ਹਿੰਦੂ ਜਾਤੀਵਾਦੀਸਮਾਜਿਕ ਢਾਂਚੇ ਵਿੱਚ ਇਕ ਬਹੁਤ ਵੱਡੀ ਅਸਮਾਨਤਾ ਹਜਾਰਾਂ ਸਾਲਾਂ ਤੋਂਰਹੀ ਹੈ। ਸਾਲ 1920 ਦਾ ਸਮਾਂ ਸੀ। ਬਾਬਾ ਸਾਹਿਬ ਡਾ.ਬੀ.ਆਰ. ਅੰਬੇਦਕਰ ਸਰਕਾਰੀ ਨੌਕਰ ਵਜੋਂ ਕੰਮ ਕਰ ਰਹੇ ਸਨ ਅਤੇ ਲੰਡਨ ਵਿੱਚ ਆਪਣੀ ਬੜੌਦਾ ਸਟੇਟ ਸਕਾਲਰਸ਼ਿਪ ਖ਼ਤਮ ਹੋਣ ਤੋਂ ਬਾਅਦ ਅੱਧ ਵਿਚਕਾਰ ਇੱਕ ਕੋਰਸ ਛੱਡ ਕੇ ਉਹ ਕੁਝ ਸਮਾਂ ਪਹਿਲਾਂ ਭਾਰਤ ਪਰਤੇ ਸਨ। ਉਸ ਸਮੇਂ ਤੱਕ ਬਾਬਾ ਸਾਹਿਬ ਮਾਸਟਰ ਦੀ ਡਿਗਰੀ ਅਤੇ ਡਾਕਟਰੇਟ ਪਹਿਲਾਂ ਹੀ ਹਾਸਲ ਕਰ ਚੁੱਕੇ ਸਨ, ਪਰ ਉਹ ਬ੍ਰਿਟੇਨ ਵਾਪਸ ਪਰਤਣ ਲਈ ਚਿੰਤਤ ਸੀ ਅਤੇ ਹੋਰ ਅਗਲੀ ਡਾਕਟਰੇਟ ਦੀ ਪੜ੍ਹਾਈ ਪੂਰੀ ਕੀਤੀ ਜਾ ਸਕੇ।

ਬ੍ਰਿਟਸ ਰਾਜ ਦੀ ਗੁਲਾਮੀ ਤੋਂ ਅਜਾਦ ਹੋਏ ਭਾਰਤੀਮੂਕਨਾਇਕ ਸਮਾਜ ਦੇ ਲੋਕ ਬਾਬਾ ਸਾਹਿਬ ਦੇ ਸੰਵਿਧਾਨ ਦੀ ਬਦੌਲਤ ਵੱਡੇ ਵੱਡੇ ਔਹਦਿਆਂ ਤਕ ਪਹੁੰਚੇ, ਤਰੱਕੀ ਦਾ ਰਾਹ ਖੁੱਲੇ। ਉਹ ਮੁਲਾਜ਼ਮ, ਅਫ਼ਸਰ, ਸੰਸਦ, ਵਿਧਾਇਕ, ਮੰਤਰੀ, ਮੁੱਖਮੰਤਰੀ, ਰਾਸ਼ਟਰਪਤੀ ਦੇ ਸਿੰਘਾਸ਼ਨਾ ਉਤੇ ਬੈਠਣ ਲਗ ਪਏ ਹਨ, ਪਰ ਨਾਮਾਤਰ ਲੋਕਾਂ ਨੂੰ ਛੱਡਕੇ ਉਹ ਆਪਣੀ ਅਤੇ ਆਪਣੇ ਸਮਾਜ ਦੇ ਲਈ ਅਵਾਜ ਬੁਲੰਦ ਕਰਨ ਅਤੇ ਸਮਾਜ ਵਿੱਚ ਹੋ ਰਹੀਆਂ ਇਨਸਾਫੀਆਂ ਦੇ ਸਾਹਮਣੇ ਉਹ ਅੱਜ ਵੀ ਗੂੰਗੇ, ਬੋਲ਼ੇ, ਮੂਕਨਾਇਕ ਹੀ ਬਣੇ ਹੋਏ ਹਨ। ਇਸ ਅਖਵਾਰ ਦੇ 101 ਸਾਲਪੂਰੇ ਹੋ ਗਏ: ਬਾਬਾ ਸਾਹਿਬ ਅੰਬੇਡਕਰ ਦਲਿਤਾਂ ਦਾ ਹਫਤਾਵਾਰੀ ਪੇਪਰ ਖੁਦ ਹੀ ਪ੍ਰਕਾਸ਼ਨ ਵਿਚ ਲੈਕੇ ਆਏ ਸਨ। ਮੂੱਕਨਾਇਕ ਦੇ ਸਾਰੇ ਸੰਪਾਦਕ ਨੋਟ ਖੁਦ ਬਾਬਾ ਸਾਹਿਬ ਨੇ ਆਪਣੇ ਹੱਥਾਂ ਨਾਲ ਲਿਖਦੇ ਰਹੇ ਸਨ।

31 ਜਨਵਰੀ 2020, ਮੂਕਨਾਇਕ ਦੇ 100 ਸਾਲ ਪੂਰੇ ਹੋਏ ਸਨ, ਇਸ ਮੌਕੇ ਭਾਰਤ ਅਤੇ ਵਿਸ਼ਵ ਦੇ ਪ੍ਰਮੂੱਖ ਦੇਸ਼ਾ ਵਿੱਚ ਕੋਨੇ ਕੋਨੇ ਉਤੇ ਵਿਚ ਮਨਾਇਆ ਗਿਆ।1 ਫਰਵਰੀ ਨੂੰ ਮੁੰਬਈ ਦੇ ਅੰਬੇਦਕਰ ਭਵਨ ਵਿਖੇ ਜਸ਼ਨ ਮਨਾਇਆ ਗਿਆ। ਥੋੜ੍ਹੇ ਸਮੇਂ ਦੇ ਅਖਬਾਰ ਦਾ ਅਮਿੱਟ ਪ੍ਰਭਾਵ ਛੱਡਿਆ। ਆਰਥਿਕ ਸਮਾਜਿਕ ਰਾਜਨੀਤਿਕ ਪਧਰ ਦੇ ਪਾਠਕਾਂ, ਲੇਖਿਕਾਂ ਦੀ ਗਿਣਤੀ ਅਤੇ ਲੈਵਲ, ਪੱਤਰਕਾਰਿਤਾ ਅਤੇ ਪ੍ਰਕਾਸ਼ਨ ਦਾ ਸਬੰਧ ਅਕੇ ਆਰਥਿਕ ਵਸੀਲਿਆਂ ਦਾ ਅਧਾਰ ਹੀ ਕਿਸੇ ਨੀ ਤਰਾਂ ਦੇ ਪੇਪਰ ਦੀ ਉਮਰ ਅਤੇ ਉਸ ਦਾ ਲੈਵਲ ਤਹਿ ਕਰਦਾ ਹੈ। ਸ਼ਾਇਦ ਉਹ ਬਹੁਤ ਸਾਰੇ ਦਲਿਤ ਲੋਕ ਸਪਸ਼ਟ ਤੌਰ ਉਤੇ ਨਹੀਂ ਜਾਣਦੇ ਜੋ ਅੱਜ ਵੀ ਸਹੂਲਤਾਂ ਮਾਣ ਰਹੇ ਹਨ, ਦਲਿਤ ਇਤਿਹਾਸ ਤੋਂ ਅਣਜਾਣ ਹਨ ਕਿ ਜੀਵਨ ਦੀ ਮੁਢਲੀ ਲੋੜ ਪਾਣੀ ਨੂੰ ਸਾਫ ਤਲਾਬਆਂ ਅਤੇ ਖੂਹਾਂ ਤੋਂਲੈਣ ਲਈ ਵੀ ਦਲਿਤਾਂ ਨੂੰ ਅੰਦੋਲਨ ਕਰਨਾ ਪਿਆ, ਜੇਲਾਂ ਵਿੱਚ ਜਾਣਾ ਪਿਆ ਹਿੰਦੂਆਂ ਦੇ ਜੁਲਮ ਨੂੰ ਸਹਿਣਾ ਪਿਆ ਹੈ। ਇਹਨਾ ਅੰਦੋਲਨਾ ਦੀ ਭਾਰਤ ਦੇ ਮਨੂਵਾਦੀ ਮੀਡੀਆ ਨੇ ਕਦੀ ਵੀ ਢੁਕਵਾਂ ਸਮਾਂ ਅਤੇ ਸਥਾਨ ਨਹੀਂ ਦਿਤਾ, ਸਗੋਂ ਅਛੂਤਾਂ ਉਤੇ ਹੋ ਰਹੇ ਜੁਲਮ ਨੂੰ ਦਬਾਉਣ ਵਿੱਚ ਜਾਲਮ ਸਵਰਣ ਲੋਕਾਂ ਦੀ ਸਹਾਇਤਾ ਵੀ ਕੀਤੀ ਹੈ ਅਤੇ ਕਰ ਰਹੇ ਹਨ।

ਦੁੱਖਦ ਹੈ ਕਿ ਪੜ੍ਹੇ ਲਿਖੇ ਦਲਿਤਾਂ ਦੀ ਨਵੀਂ ਪੀੜ੍ਹੀ ਇਸ ਤੋਂ ਕਬੂਤਰ ਦੀ ਤਰਾਂ ਅੱਖਾਂ ਬੰਦ ਕਰ ਬੁਰੇ ਸਪਨੇ ਦੀ ਤਰਾਂ ਭੁੱਲ ਜਾਣਾ ਚਾਹੁੰਦੀ ਹੈ, ਲੇਕਿਨ ਸਵਰਣ ਸਮਾਜ ਆਪਣੀਨਵੀਂ ਪੀੜ੍ਹੀ ਨੂੰ ਸਿਖਾਉਣ ਵਿੱਚ ਪਿੱਛੇ ਨਹੀਂ ਹਟ ਰਿਹਾ, ਬੇਸ਼ਕ ਕੁਝ ਅੰਤਰ ਆਇਆ ਹੈ। ਨਾਇਨਸਾਫੀਆਂ ਦੇ ਦਾਇਰੇ ਵਿੱਚ ਹੋਰ ਬਹੁਤਾ ਕੁੱਝ ਨਾ ਲਈਏ ਤਾਂ ਸਮਾਜ ਵਿੱਚ ਔਰਤਾਂ ਨਾਲ ਹੋ ਰਹੇ ਬਲਾਤਕਾਰ ਦਾ ਜਾਤੀਵਾਦ ਅਧਾਰ ਉਤੇਪੰਚਾਇਤਾਂ, ਥਾਣਿਆਂ ਅਦਾਲਤਾਂ ਵਿੱਚ ਮਿਲ ਇਨਸਾਫ ਦੇ ਅੰਕੜੇ ਸਭ ਨੰਗਾ ਕਰ ਦਿੰਦੇ ਹਨ। ਮੈਂ ਇਕ ਦੋਸਤ ਦੇ ਘਰ ਗਿਆ, ਪੁੱਛਿਆ ਕਿ ਤੁਹਾਡੇ ਮੁਹੱਲੇ ਵਿੱਚ ਆਪਣੇ ਐਸਸੀ ਲੋਕਾਂ ਦੇ ਘਰ ਕਿੰਨੇ ਹਨ, ਇਕ ਦੋ ਘਰ ਦਸਣ ਤੋਂ ਬਾਅਦ ਕਿਹਾ ਅਸੀਂ ਤਾਂ ਆਪਣੇ ਐਸਸੀ ਹੋਣ ਸਬੰਧੀ ਕਿਸੰ ਨੂੰ ਨਹੀਂ ਦਸਿਆ, ਭਾਵ ਸੀ ਉਹ ਜਾਤੀ ਲਕੋ ਕੇ ਰਹਿ ਰਹੇ ਸਨ। ਉਹਨਾਂ ਨੂੰ ਯਾਦ ਕਰਵਾਇਆ ਕਿ ਪੰਜਾਬ ਵਿੱਚ ਵੱਖ ਲੱਖ ਏਰੀਏ ਦੇ ਹਿਸਾਬ ਦੇਖੀਏ ਤਾਂ ਐਸਸੀ ਲੋਕਾਂ ਦੀ ਅਬਾਦੀ 36% ਤੋਂ 42% ਤਕ ਹੈ ਜਾਨੀ ਕਹਿ ਲਈਏ ਕਿ ਹਰ ਥਾਂ ਉਤੇ ਹਰ ਤੀਜਾ ਮਨੁੱਖ ਐਸਸੀ ਮੌਜੂਦ ਹੈ ਫਿਰ ਕਿਉਂ ਇੱਕ ਦੂਜੇ ਤੋਂ ਲੁਕਾ ਰਹੇ ਹੋ। ਐਸਸੀ ਸਮਾਜ ਨਾਲ ਹੋਣ ਵਾਲੀਆਂ ਨਾਇਨਸਾਫੀਆਂ ਦੇ ਬਹੁਤ ਸਾਰੇ ਕਾਰਨਾਂ ਵਿੱਚੋਂ ਮੁੱਖ ਕਾਰਨ ਇਹ ਵੀ ਹੈ। ਐਸਸੀ ਪੜ੍ਹੇ ਲਿਖੇ ਲੋਕਾਂ ਵਿੱਚ ਜਿਆਦਾ ਕਰਕੇ ਮਾਨ ਸਨਮਾਨ ਸਵੈਮਾਨ ਵਰਗੀ ਚੀਜ ਹੀ ਖਤਮ ਹੋ ਚੁੱਕੀ ਹੈ। ਜੋ ਹੈ ਸੋ ਹੈ ਕਿਵੇਂ ਬਦਲੋਗੇ। ਮਹਾਨ ਕਰਾਂਤੀਕਾਰ ਰਵਿਦਾਸ਼ ਜੀ ਨੇ ਆਪਣੀ ਚਮਾਰ ਜਾਤੀ ਨੂੰ ਖਾਸ ਤੌਰ ਉਤੇ ਲਿਖਕੇ ਦਰਜ ਕੀਤਾ ਅਤੇ ਕਹਾਇਆ। ਲੇਕਿਨ ਚਮਾਰ ਸਮਾਜ ਚਮਾਰ ਕਹਾਉਣ ਵਿੱਚ ਸ਼ਰਮ ਸਮਝਦਾ ਹੈ, ਰਵਿਦਾਸੀਆ ਕਹਾਉਣ ਵਿੱਚ ਮਾਣ। ਲੋਕਾਂ ਵਿੱਚ ਆਪਣੇ ਆਪ ਵਿੱਚ ਆਪਣਾ ਮਾਨ ਸਨਮਾਨ ਸਵੈਮਾਨ ਨਹੀਂ ਹੈ ਤਾਂ ਦੂਜੇ ਕਿਉਂ ਕਰਨਗੇ ?

ਬਾਬਾ ਸਾਹਿਬ ਦੇ ਮੂਕਨਾਇਕ ਦੇ ਪ੍ਰਕਾਸ਼ਨ ਦੇ 100 ਸਾਲਾਂ ਬਾਅਦ ਵੀ ਮੂਕਨਾਇਕ ਸਾਮਾਜ ਨਾਲ ਹੋਣ ਵਾਲੇ ਧੱਕੇ, ਅਨਿਆਏ ਦੇ ਸਮਾਚਾਰ ਸੁਰਖੀਆਂ ਬਣਨ ਲਾਇਕਨਹੀਂ ਹੋਈਆਂ। ਇਸ ਦਾ ਮੁੱਖ ਕਾਰਨ ਲੋਕਤੰਤਰ ਦੇ ਚਾਰ ਥੰਮ ਹਨ ਵਿਧਾਨ ਸਭਾ, ਕਾਰਜਕਾਰੀ, ਨਿਆਂ ਪਾਲਿਕਾ ਅਤੇ ਮੀਡੀਆ ਵਿਚ ਯੋਗ ਅਤੇ ਬਰਾਬਰ ਦੀ ਹਿੱਸੇਦਾਰੀ ਨਾਂ ਹੋਣਾ ਹੀ ਹੈ। ਅੱਜ ਹਾਲਾਤ ਹੋਰ ਵੀ ਬਦਤਰ ਹੋਏ ਹਨ। ਜੱਜਾਂ ਨੂੰ ਵੀ ਅਦਾਲਤਾਂ ਵਿੱਚ ਬੈਠੇ ਗੁਲਾਮ ਹੋਣਾ ਮਹਿਸੂਸ ਹੋਇਆ ਉਹਨਾ ਮੀਡੀਆ ਅੱਗੇ ਆ ਜੁਬਾਨ ਖੋਲੀ, ਲੇਕਿਨ ਮੀਡੀਆ ਪਹਿਲਾ ਹੀ ਆਪਣੀ ਮਰਜੀ ਨਾਲ ਕੰਮ ਕਰਨ ਲਾਇਕ ਨਹੀਂ ਰਿਹਾ। ਭਾਰਤ ਦੇ ਪ੍ਰਧਾਨ ਮੰਤਰੀ ਕੇਵਲ ਮਨ ਦੀ ਗੱਲ ਕਰਦੇ ਹਨ ਦੂਜੇ ਦੀ ਮਨ ਦੀ ਬਾਤ ਸੁਣਦੇ ਨਹੀ। ਉਹਨਾ ਜਾ ਟੀਵੀ ਰੇਡੀਓ ਉਤੇ ਜੰਤਾ ਹੋਕੇ ਭਾਸ਼ਨ ਸੁਣ ਹੀ ਸਕਦੀ ਹੈ, ਸੁਣਾ ਨਹੀਂ ਸਕਦੀ। ਲੱਖ ਕਿਸਾਨ, ਅੰਦੋਲਨਕਾਰੀ ਆਪਣੀ ਆਵਾਜ ਸੁਨਾਉਣ ਦੀ ਕੋਸ਼ਿਸ਼ ਕਰਦੇ ਹਨ ਕੋਈ ਸੁਣਨ ਵਾਲਾ ਨਹੀਂ। ਕੇਂਦਰੀ ਦਬਾ ਨੇ ਸਾਰੇ ਸਤੰਭਾ ਨੂੰ ਖੋਖਲ਼ਾ ਕਰ ਦਿਤਾ ਹੈ। ਅੱਜ ਦੇ ਦੌਰ ਵਿੱਚ ਰਹੀ ਕਸਰ ਚੋਣ ਦੇ ਮਸੀਨੀ ਢੰਗ ਨੇ ਕੱਢ ਦਿਤੀ ਹੈ। ਸੱਤਾਧਾਰੀਆਂ ਨੂੰ ਜੰਤਾ ਦੇ ਵੋਟ ਦੇ ਖੁੱਸ ਜਾਣ ਦੀ ਵੀ ਕੋਈ ਡਰ ਨਹੀਂ ਰਿਹਾ। ਈਵੀਐਮ ਦੇ ਕਲਾਕਾਰ ਅਜਿਹੀ ਖੇਢ ਰਚਾਉਂਦੇ ਹਨ ਕਿ ਸੱਪ ਵੀ ਮਰ ਜਾਂਦਾ ਹੈ ਸੋਟੀ ਵੀ ਨਹੀਂ ਟੁੱਟਦੀ। ਕਲਾਕਾਰ ਲੋਕ ਆਪਣੇ ਵਿਰੋਧੀ ਨੂੰ ਆਪ ਚੁੱਣਕੇ ਵਿਰੋਧ ਵੀ ਖਤਮ ਕਰ ਦਿੰਦੇ ਹਨ ਆਪਣੀ ਸਰਕਾਰ ਵੀ ਬਣਾ ਲੈਂਦੇ ਹਨ। ਜਲਦੀ ਕੀਤਿਆਂ ਮਸੀਨੀ ਚੋਣ ਪੱਕਿਰਆ ਤੋ ਛੁਟਕਾਰਾ ਹੁੰਦਾ ਦਿਖਾਈ ਨਹੀਂ ਦਿੰਦਾ। ਕਿਉਂਕਿ ਕੋਈ ਵੀ ਵਿਰੋਧੀ ਪਾਰਟੀ ਖੁਲਕੇ ਈਵੀਐਮ ਦਾ ਵਿਰੋਧ ਨਹੀ ਕਰ ਰਹੀ। ਸਵਾਲ ਬਣ ਜਾਂਦਾ ਹੈ ਕਿ ਈਵੀਐਮ ਵਿੱਚ ਗੜਬੜ ਹੈ ਤਾਂ ਫਲਾਣਾ ਵਿਰੋਧੀ ਕਿਦਾਂ ਜਿੱਤ ਗਿਆ।

ਸਾਹਿਬ ਕਾਸੀਰਾਮ ਜੀ ਦੇ ਜੀਵਨ ਸੰਘਰਸ਼ ਬਦੌਲਤ ਭਾਰਤ ਵਿੱਚ ਵਿੱਚ ਬਹੁਤ ਸਾਰੇ ਕੁਝ ਸੂਝਵਾਨ ਦਲਿਤ ਲੋਕਾਂ ਦੀ ਮਿਹਨਤ ਦਾ ਸਦਕਾ ਭਾਰਤ ਦੀਆਂ ਤਕਰੀਬਨ ਸਾਰੀਆਂ ਹੀ ਭਾਸ਼ਾਵਾਂ ਵਿੱਚ ਬਹੁਜਨ ਸਮਾਜ ਪੱਖੀ ਪੇਪਰ, ਅਖਬਾਰਾਂ ਸੁਰੂ ਹੋ ਗਈਆਂ ਹਨ। ਫੇਸਬੁੱਕ, ਵਟਸਐਪ ਕੁੱਝ ਚੈਨਲ ਅਤੇ ਸ਼ੋਸ਼ਲ ਮੀਡੀਆਂ ਚੰਗਾ ਕੰਮ ਕਰ ਰਿਹਾ ਹੈ। ਫਿਰ ਵੀ ਇਹ ਨਾਕਾਫੀ ਹੈ। ਜੇ ਕਰ ਅੰਕੜੇ ਦੇਖੀਏ ਤਾਂ ਮੂਲਨਿਵਾਸੀ ਸਮਾਜ ਨੂੰ ਜੁਲਮ ਦੇ ਨਾਲ ਮੂਕਨਾਇਕ, ਦਲਿਤ ਬਨਾਉਣ ਦਾ ਸਿਲਸ਼ਲਾ ਅੱਜ ਵੀ ਚਾਲੂ ਹੈ ਜਿਸ ਨੂੰ ਬਦਲਨਾ ਬਹੁਤ ਜਰੂਰੀ ਹੈ।

# ਪੰਜਾਬ ਦੇ ਵਿਦਿਅਕ ਅਦਾਰੇ ਤੁਰੰਤ ਖੋਲੇ ਜਾਣ, ਕਿਸਾਨ ਜਥੇਬੰਦੀਆਂ ਵਲੋਂ ਅੰਦੋਲਨ ਸ਼ੁਰੂ ਕੀਤੇ ਜਾਣ ਦਾ ਐਲਾਨ

ਕਰੋਨਾ ਬਿਮਾਰੀ ਦੀ ਆੜ੍ਹ ਵਿੱਚ ਪਿਛਲੇ ਲਗ ਭਗ ਦੋ ਸਾਲਾਂ ਤੋਂ ਸਰਕਾਰ ਨੇ ਸਾਰੇ ਵਿਦਿਅਕ ਅਦਾਰੇ ਬੰਦ ਕਰ ਰਖੇ ਹਨ ਪ੍ਰਾਈਵੇਟ ਸਕੂਲਾਂ ਵਲੋਂ ਨਾ ਮਾਤਰ ਆਨ ਲਾਈਨ ਪੜਾਈ ਕੀਤੇ ਜਾਣ ਦੀ ਆੜ੍ਹ ਹੇਠ ਬੱਚਿਆਂ ਦੇ ਮਾਪਿਆਂ ਕੋਲੋਂ ਇਕ ਪਾਸੇ ਤਾਂ ਬੁੱਕ ਬੁੱਕ ਫੀਸਾਂ ਦੇ ਪੈਸੇ ਲਏ ਜਾ ਰਹੇ ਹਨ।ਕਈ ਬਹੁਤੀਆਂ ਹੁਸ਼ਿਆਰ ਸਕੂਲਾਂ ਦੀਆਂ ਪ੍ਰਬੰਧਕ ਕਮੇਟੀਆਂ ਵਲੋਂ ਬਿਨਾ ਬੱਸਾਂ ਦੀ ਸਰਵਿਸ ਦੇਣ ਦੇ ਬੱਸ ਫੀਸ ਵੀ ਉਗਰਾਹੀ ਜਾ ਰਹੀ ਹੈ। ਗਰੀਬ ਲੋਕ ਜਿਨਾਂ ਕੋਲ ਆਪਣੇ ਕੋਲ ਹੀ ਮੋਬ-ਾਇਲ ਫੋਨ ਤੇ ਇੰਟਰਨੈੱਟ ਨਹੀਂ ਹਨ ਉਹਨਾਂ ਨੂੰ ਆਪਣੇ ਬੱਚਿਆਂ ਨੂੰ ਆਨ ਲਾਈਨ ਦੀ ਇਸ ਨਾਂ ਮਾਤਰ ਦਿੱਤੀ ਜਾ ਰਹੀ ਪੜਾਈ ਦੀ ਸਹੂਲਤ ਤੋਂ ਵਾਂਝੇ ਰੱਖਣਾ ਪੈ ਰਿਹਾ ਹੈ।ਪਰ ਉਨਾਂ ਨੂੰ ਵੀ ਜਜੀਆ ਰੂਪੀ ਫੀਸਾਂ ਬਕਾਇਦਾ ਤੌਰਤੇ ਦੇਣੀਆਂ ਪੈ ਰਹੀਆਂ ਹਨ। ਸਰਕਾਰ ਵੀ ਆਮ ਜੰਨਤਾ ਦੀ ਮਦੱਦਗਾਰ ਹੋਣ ਦੀ ਥਾਂ ਤੇ ਪ੍ਰਾਈਵੇਟ ਸਕੂਲਾਂ ਦੀਆਂ ਪ੍ਰਬੰਧਕ ਕਮੇਟੀਆਂ ਦਾ ਸਾਥ ਦੇ ਰਹੀ ਹੈ।ਇਹਨਾਂ ਸਕੂਲਾਂ ਦੀਆਂ ਪ੍ਰਬਧੰਕ ਕਮੇਟੀਆਂ, ਸਕੂਲਾਂ ਵਿਚਲੇ ਬਿੱਜਲੀ ,ਪਾਣੀ ,ਸਾਫ ਸਫਾਈ ਤੇ ਹੋਰ ਸਕੂਲਾਂ ਦੀ ਰੱਖ ਰਖਾਈ ਤੇ ਹੋਣ ਵਾਲੇ ਖਰਚ ਕੀਤੇ ਬਿਨਾਂ ਇਨਾਂ ਸਕੂਲਾਂ ਦੀਆਂ ਕਮੇਟੀਆਂ ਵਲੋਂ ਅਧਿਆਪਕਾਂ ਦੀਆਂ ਕਿਧਰੇ ਤਿੰਨ ਚੁਥਾਈ ,ਕਿਧਰੇ ਅੱਧੀਆਂ,ਕਿਧਰੇ ਇਕ ਚੁਥਾਈ ਅਤੇ ਕਈ ਅਜਿਹੇ ਸਕੂਲ ਵੀ ਸੁਣਨ ਵਿੱਚ ਆ ਰਹੇ ਹਨ ਜਿਥੇ ਅਧਿਆਪਕਾਂ ਨੂੰ ਤਨਖਾਹਾਂ ਦਿਤੀਆਂ ਹੀ ਨਹੀਂ ਜਾ ਰਹੀਆਂ , ਬੱਚਿਆਂ ਨੂੰ ਆਨ ਲਾਈਨ ਕਦੇ ਕਦਾਈਂ ਪੜਾਈ ਕਰਾ ਕੇ ਬੱਚਿਆਂ ਦੀਆਂ ਫੀਸਾਂ ਦਾ ਬਹੁਤਾ ਹਿੱਸਾ ਬਚਾ ਕੇ ਆਪਣੇ ਸਕੂਲ ਦੇ ਖਜਾਨੇ ਨੂੰ ਵਧਾ ਕੇ ਧੜਾ ਧੜ੍ਹ ਧਨਾਢ ਬਣ ਰਹੀਆਂ ਹਨ।ਵੱਡੀ ਗਿਣਤੀ ਵਿੱਚ ਸਕੂਲਾਂ ਦੇ ਸਟਾਫ ਨੂੰ ਨੌਕਰੀ ਤੋਂ ਫਾਰਗ ਕਰ ਦਿੱਤਾ ਗਿਆ ਤੇ ਉਹ ਬੇਰੁਜਗਾਰ ਬਣ ਕੇ ਤਰਾਸਦੀ

ਭਰਿਆ ਜੀਵਨ ਬਤੀਤ ਕਰ ਰਹੇ ਹਨ ।ਸਰਕਾਰ ਵੀ ਲੋਕਾਂ ਦੇ ਨਾਲ ਖੜ੍ਹਣ ਦੀ ਥਾਂ ਤੇ ਸਕੂਲ ਕਮੇਟੀਆਂ ਦਾ ਪੱਖ ਪੂਰਨ ਤੇ ਲਗੀ ਹੋਈ ਹੈ, ਉਹ ਸਕੂਲੀ ਬੱਚਿਆਂ ਦਿਆਂ ਮਾਪਿਆਂ ਦੀ ਗੱਲ ਅਣਸੁਣੀ ਕਰਕੇ, ਉਹ ਸਕੂਲਾਂ ਦੇ ਬੱਚਿਆਂ ਦੇ ਮਾਪਿਆਂ ਦੀ ਚਿੱਟੇ ਦਿਨ ਲੁੱਟ ਕਰਦੀਆਂ ਆ ਰਹੀਆਂ ਹਨ। ਕੁਝ ਥਾਵਾਂ ਤੇ ਬੱਚਿਆਂ ਦੇ ਮਾਪਿਆਂ ਨੇ ਕਈ ਸਕੂਲਾਂ ਦੇ ਅੱਗੇ ਰੋਸ ਪ੍ਰਦਰਸ਼ਨ ਕਰਕੇ ਸਕੂਲਾਂ ਦੇ ਪ੍ਰਬੰਧਕਾਂ ਤੇ ਸਰਕਾਰ ਕੋਲੋਂ ਮੰਗ ਕੀਤੀ ਸੀ ਇਹ ਫੀਸਾਂ ਦੀ ਜਬਰੀ ਉ-ਗਰਾਹੀ ਬੰਦ ਕੀਤੀ ਜਾਵੇ ਪਰ ਉਨਾਂ ਦੀ ਕਿਸੇ ਨੇ ਗੱਲ ਨਹੀਂ ਸੁਣੀ ਕਿਉਂਕਿ ਇਨਾਂ ਸਕੂਲਾਂ ਨੂੰ ਚਲਾਉਣ ਵਾਲੇ ਬਹੁਤੇ ਲੋਕ ਰਾਜਨੀਤਕ ਹੀ ਹਨ ਤੇ ਜਾਂ ਸਰਕਾਰ ਵਿੱਚ ਵੱਡੀ ਪਹੁੰਚ ਵਾਲੇ ਹਨ ਜਾਂ ਫਿਰ ਵਿਧਾਨ ਸਭਾ ਮੈਂਬਰ ਹਨ ਜਾਂ ਫਿਰ ਲੋਕ ਸਭਾ ਮੈਬਰਾਂ ਦੇ ਨਾਲ ਪ੍ਰਾਂਤਕ ਸਰਕਾਰ ਜਾਂ ਕੇਂਦਰ ਦੀ ਵਜਾਰਤ ਵਿੱਚ ਮੰਤਰੀ ਹਨ ।ਉਂਝ ਵੀ ਬੱਚਿਆਂ ਦੇ ਮਾਪੇ ਨਾਂ ਤਾਂ ਇਕ ਮੁੱਠ ਹਨ , ਨਾ ਹੀ ਇਸ ਮਹਿੰਗਾਈ ਵਿੱਚ ਉਨਾਂ ਕੋਲ ਸਮਾਂ ਹੈ ਉਂਝ ਵੀ ਬਹੁਤ ਸਾਰੇ ਮਾਪੇ ਗੁਰਬੱਤ ਦੇ ਸਤਾਏ ਹੋਏ ਹਨ।ਉਨਾਂ ਨੂੰ ਤਾਂ ਪਹਿਲਾਂ ਹੀ ਰੋਜੀ ਰੋਟੀ ਦੇ ਜਾਨ ਦੇ ਲਾਲੇ ਪਏ ਹੋਏ ਹਨ।ਇਸ ਘਾਟ ਦਾ ਵੀ ਨਜਾਇਜ ਲਾਭ ਲੈ ਰਹੀ ਹੈ।ਬੱਚਿਆਂ ਦਾ ਸਕੂਲਾਂ ਵਿੱਚ ਨਾ ਜਾਣ ਕਾਰਨ ਉਹ ਜਿਥੇ ਪੜਾਈ ਪਖੋਂ ਵਾਂਝੇ ਹੋਣ ਕਾਰਨ ਸਾਰਾ ਦਿਨ ਖੇਡਣ, ਸ਼ਰ-ਾਰਤਾਂ ਕਰਨ ਹੀ ਨਹੀਂ, ਬਲਕਿ ਬੱਚਿਆਂ ਵਿੱਚ ਕਈ ਪ੍ਰਕਾਰ ਦੇ ਅਜਿਹੇ ਵਿਗਾੜ੍ਹ ਪੈਦਾ ਹੋ ਰਹੇ ਹਨ ਜੋ ਉਨਾਂ ਦੇ ਜੀਵਨ ਨੂੰ ਬਰਬਾਦ ਕਰ ਰਹੇ ਹਨ।ਪੰਜਾਬੀ ਵਿੱਚ ਇਕ ਅਖਾਉਤ ਬੜੀ ਮਸ਼ਹੂਰ ਹੈ ਕਿ ਉਵਿਹਲਾ ਮਨ ਸ਼ੈਤਾਨ ਦਾ ਘਰ”ਇਸ ਸਮੇਂ ਇਹ ਉਦਾਹਰਣ ਬਹੁਤੇ ਵਿਦਿਆਰਥੀਆਂ ਤੇ ਢੁੱਕ ਰਹੀ ਹੈ ਅਤੇ ਉਨਾਂ ਦੀਆਂ ਆਦਤਾਂ ਵਿੱਚ ਵਿਗਾੜ੍ਹ ਪੈਦਾ ਕਰ ਰਹੀ ਹੈ।ਇਹ ਵਰਤਾਰਾ ਸਿਰਫ

ਸ਼ਹਿਰਾਂ ਵਿੱਚ ਹੀ ਨਹੀਂ ਹੋ ਰਿਹਾ ਹੈ ਬਲਕਿ ਪਿੰਡਾਂ ਦੇ ਵਿਦਿਆਰਥੀ ਵੀ ਇਸ ਦਾ ਗੰਭੀਰ ਸ਼ਿਕਾਰ ਹਨ।ਉਹ ਸਾਰਾ ਸਮਾਂ

ਜਾਂ ਤਾਂ ਰੂੜੀਆਂ ਤੇ ਖੇਡਦੇ ਜਾਂ ਫਿਰ ਆਪਸ ਵਿੱਚ ਲੜਾਈਆਂ ਕਰ ਕੇ ਮਾਪਿਆਂ ਲਈ ਪਰੇਸ਼ਾਨੀਆਂ ਪੈਦਾ ਕਰਦੇ ਨਜਰ ਆ ਰਹੇ ਹਨ।ਪਿਛਲੇ ਦੋ ਸਾਲਾਂ ਤੋਂ ਵਧੇਰੇ ਸਮੇਂ ਤੋਂ ਵਿਦਿਆਰਥੀਆਂ ਦੇ ਜੀਵਨ ਨਾਲ ਸਰਕਾਰ ਵਲੋਂ ਖਿਲਵਾੜ੍ਹ ਕੀਤਾ ਜਾ ਰਿਹਾ ਹੈ।ਕਿੰਨੀ ਹੈਰਾਨ ਕਰਨ ਵਾਲੀ ਗੱਲ ਹੈ ਕਿ ਸਰਕਾਰ ਵਲੋਂ ਦੁਕਾਨਾਂ ,ਹਸਪਤਾਲਾਂ,ਦਫਤਰਾਂ ਤੇ ਬੱਸ ਸੇਵਾਵਾਂ ਨੂੰ ਬੰਦ ਕਰਕੇ ਆਮ ਲੋਕਾਂ ਦੇ ਕੰਮਾਂ, ਕਾਜਾਂ ਦਾ ਵੀ ਭਾਰੀ ਨੁਕਸਾਨ ਕੀਤਾ ਗਿਆ ਹੈ ਇਨਾਂ ਅਦਾਰਿਆਂ ਦੇ ਬੰਦ ਰਹਿਣ ਕਾਰਨ ਲੋਕਾਂ ਦੇ ਰੁਜਗਾਰ ਖੁੱਸ ਗਏ ਹਨ ਜਿਸ ਕਾਰਨ ਉਨਾਂ ਨੂੰ ਕਈ ਪਰਕਾਰ ਦੀਆਂ ਆਰਥਕ ਮੁਸ਼ਕਲਾਂ ਆ ਰਹੀਆਂ ਹਨ।ਕਿੰਨੀ ਹੈਰਾਨੀ ਦੀ ਗੱਲ ਹੈ ਸਭ ਕੁਝ ਬੰਦ ਹੋਣ ਦੇ ਬਾਵਜੂਦ ਜੇ ਕਰ ਕੋਈ ਅਦਾਰਾ ਸਰਕਾਰ ਵਲੋਂ ਖੁੱਲਾ ਰਖਿਆ ਗਿਆ ਹੈ ਤਾਂ ਉਹ ਸ਼ਰਾਬ ਦੇ ਠੇਕੇ ਹਨ।ਸਰਕਾਰ ਦਾ ਕਹਿਣਾ ਹੈ ਉਸ ਨੂੰ ਸਰਕਾਰ ਦਾ ਕੰਮ ਕਾਜ ਚਲਾਉਣ ਲਈ ਬਹੁਤ ਸਾਰੀ ਆਮਦਨ ਦਾ ਸਹਾਰਾ ਇਹ ਸ਼ਰਾਬ ਦੇ ਠੇਕੇ ਹਨ ਜਿਨਾਂ ਤੋਂ ਸਰਕਾਰ ਨੂੰ ਭਾਰੀ ਆਮਦਨ ਹੁੰਦੀ ਹੈ ਇਸ ਕਰਕੇ ਉਹ ਇਸ ਅਦਾਰੇ ਨੂੰ ਬੰਦ ਨਹੀਂ ਕਰ ਸਕਦੀ ।ਬੜੀ ਬੇਸ਼ਰਮੀ ਦੀ ਗੱਲ ਹੈ ਕਿ ਸਰਕਾਰ ਦਾ ਕੰਮ ਨਹੀਂ ਚਲਦਾ ਇਸ ਕਰਕੇ ਉਸ ਨੂੰ ਠੇਕੇ ਖੋਹਲਣੇ ਪੈ ਰਹੇ ਹਨ।ਪਰ ਉਸ ਨੇ ਕਦੀ ਸੋਚਿਆ ਕਿ ਜਿਨਾਂ ਲੋਕਾਂ ਦਾ ਰੁਜਗਾਰ ਖੁਸ



ਜੰਗ ਸਿੰਘ
91-94170-95965

ਗਿਆ ਹੈ ਉਹ ਕਿਵੇਂ ਆਪਣੀ ਘਰ ਗ੍ਰਹਿਸਤੀ ਚਲਾਉਂਦੇ ਹੋਣਗੇ ?ਇੰਝ ਲਗ ਰਿਹਾ ਹੈ ਜਿਵੇਂ ਉਸ ਨੂੰ ਆਮ ਲੋਕਾਂ ਦੇ ਜੀਵਨ ਨਾਲ ਕੋਈ ਮਤਲਬ ਨਹੀਂ ਉਸ ਨੂੰ ਕੋਈ ਖਿਆਲ ਨਹੀਂ ਜਦੋਂ ਅਣਗਿਣਤ ਫੈਕਟਰੀਆਂ,ਤੇ ਕਈ ਹੋਰ ਰੁਜਗਾਰ ਦੇਣ ਵਾਲੇ ਅਦਾਰੇ ਬੰਦ ਕਰ ਦਿੱਤੇ ਗਏ ਸਨ ਉਸ ਨਾਲ ਕਿੰਨੇ ਲੋਕ ਬੇਰੁਜਗਾਰ ਹੋ ਕੇ ਘਰ ਬੈਠ ਗਏ ਹਨ।ਸਰਕਾਰ ਨੂੰ ਇਸ ਵੱਲ ਕੋਈ ਧਿਆਨ ਨਹੀਂ ਕਿ ਇਹ ਪ੍ਰੀਵਾਰ ਰੁਜਗਾਰ ਤੋਂ ਬਿਨਾਂ ਆਪਣੇ ਬੱਚਿਆ ਦਾ ਕਿਵੇਂ ਪੇਟ ਪਾਲਦੇ ਹੋਣਗੇ।ਸਾਡੇ ਦੇਸ਼ ਦੇ ਲੋਕਾਂ ਨੇ ਵੇਖਿਆ ਕਿ ਰੁਜਗਾਰ ਖੁੱਸ ਜਾਣ ਕਾਰਨ ਕਈ ਲੱਖ ਲੋਕਾਂ ਨੂੰ ਆਪਣੇ ਪਿੱਤਰੀ ਘਰਾਂ ਬਿਹਾਰ ,ਉੱਤਰ ਪ੍ਰਦੇਸ਼ , ਮੱਧ ਪ੍ਰਦੇਸ਼ ਆਦਿ ਪ੍ਰਾਂਤਾਂ ਵਿੱਚ ਭੁੱਖੇ ਤਿਹਾਏ ਪੈਦਲ ਹੀ ਕਠਨ ਹਾਲਤਾਂ ਵਿੱਚ ਜਾਣ ਨੂੰ ਮਜਬੂਰ ਹੋਣਾ ਪਿਆ ।ਪਰ ਭਾਰਤ ਦੀ ਭਾਜਪਾ ਸਰਕਾਰ ਨੇ ਉਨਾਂ ਦੀ ਸਾਰ ਨਹੀਂ ਲਈ ।ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਦਿਨ ਦਿਹਾੜ੍ਹੇ ਰੋਲਾ ਪਾਉਣ ਵਾਲੀ ਮੋਦੀ ਸਰਕਾਰ ਨੇ ਇਨਾਂ ਲੱਖਾਂ ਹੀ ਹਿੰ-ਦੂਆਂ ਨੂੰ ਬਿਨਾਂ ਸਰਕਾਰ ਵਲੋਂ ਰੇਲਵੇ ਦੀ ਸਹੂਲਤ ਦੇਣ ਦੇ ਆਪਣੇ ਪਿੰਡਾਂ ਵਾਲੇ ਘਰਾਂ ਨੂੰ ਜਾਣਾ ਪਿਆ। ਇਸ ਹਾਲਤ ਵਿੱਚ ਸਰਕਾਰ ਦੀ ਥਾਂ ਤੇ ਜੇ ਕਰ ਇਨਾਂ ਲੋਕਾਂ ਦੀ ਸਮਾਜ ਸੇਵੀ ਸੰਸਥਾਵਾਂ ਦੇ ਨਾਲ ਜੇ ਕਿਸੇ ਹੋਰ ਨੇ ਸਾਰ ਲਈ ਹੈ ਤਾਂ ਉਹ ਸਿੱਖ ਧਰਮ ਦੇ ਲੋਕਾਂ ਤੇ ਉਨਾਂ ਨਾਲ ਸਬੰਧਤ ਸਮਾਜ ਸੇਵੀ ਸੰਸਥਾਵਾਂ ਦੇ ਲੋਕਾਂ ਨੇ ਲਈ ਹੈ ਜਿਨਾਂ ਨੇ ਇਸ ਕਠਨ ਹਾਲਤ ਵਿੱਚ ਉਨਾਂ ਦੀ ਮਦੱਦ ਕੀਤੀ ।ਸੰਸਾਰ ਦੀਆਂ ਲੋਕ ਹਿਤੈਸ਼ੀ ਅਮਰੀਕਾ ਕਨੇਡਾ ਆਦਿ ਵਰਗੀਆਂ ਕਈ ਸਰਕਾਰਾਂ ਨੇ ਇਸ ਹਾਲਤ ਵਿੱਚ ਹਰ ਮਹੀਨੇ ਹਜਾਰਾਂ ਡਾਲਰ ਉਨਾਂ ਦੇ ਖਾਤਿਆਂ ਵਿੱਚ ਪਾ ਕੇ ਉਨਾਂ ਦੀ ਮਦੱਦ ਕੀਤੀ ਤਾਂ ਕਿ ਉਹ ਆਪ ਤੇ ਉਨਾਂ ਦੇ ਪ੍ਰੀਵਾਰ ਕਿਸੇ ਔਖ ਵਿੱਚ ਨਾ ਆਉਣ। ਪਰ ਕੀ ਕਹਿਣੇ ਮੋਦੀ ਸਰਕਾਰ ਦੇ ਜਿਨਾਂ ਨੇ ਇਸ ਬਿਮਾਰੀ ਦੇ ਸਬੰਧ ਵਿੱਚ ਕਹਿਣ ਨੂੰ ਲੋਕਾਂ ਨੂੰ ਮਦੱਦ ਦੇਣ ਲਈ ਖਾਤਾ ਤਾਂ ਖੋਲਿਆ ਜੋ ਸਰਕ-ਾਰੀ ਨਾ ਹੋ ਕੇ ਆਪਣੇ ਨਾਂ ਤੇ ਖੋਲਿਆ ਗਿਆ ਤੇ ਉਹ ਵੀ ਆਰ.ਟੀ .ਆਈ.ਦੇ ਦਾਇਰੇ ਤੋਂ ਬਾਹਰ ਰਖਿਆ।ਉਸ ਵਿੱਚੋਂ ਇਕ ਧੇਲਾ ਤਕ ਵੀ ਇਨਾਂ ਕਰੋਨਾਂ ਦੀ ਮਾਰ ਵਿੱਚ ਆਏ ਲੋੜ੍ਹਵੰਦਾਂ ਨੂੰ ਨਹੀਂ ਦਿੱਤਾ ਗਿਆ ਆਖਰ ਲੋਕ ਜਾਣਨਾ ਚਾਹੁੰਦੇ ਹਨ ਕਿ ਉਹ ਧੰਨ ਕਿਥੇ ਖਰਚਿਆ ਗਿਆ।ਇਸੇ ਕਰਕੇ ਉਸ ਨੂੰ ਆਰ ਟੀ ਆਈ ਦੇ ਦਾਇਰੇ ਵਿੱਚ ਨਹੀਂ ਲਿਆਂਦਾ ਗਿਆ ਤਾਂ ਕਿ ਉਸ ਬਾਰੇ ਕੋਈ ਸਾਰ ਨਾ ਲੈ ਸਕੇ। ਦੇਸ਼ ਦੇ ਲੋਕਾਂ ਵਿੱਚ ਇਹ ਵੀ ਚਰਚਾ ਹੈ ਕਿ ਇਸ ਇਕੱਠੇ ਹੋਏ ਪੈਸੇ ਵਿੱਚੋਂ ਬਹੁਤਾ ਹਿੱਸਾ ਭਾਜਪਾ ਦੇ ਫੰਡ ਵਿੱਚ ਪਾ ਦਿੱਤਾ ਗਿਆ ਹੈ ।ਹੁਣ ਤੁਸੀ ਆਪਣੇ ਦੇਸ਼ ਦੀ ਸਰਕਾਰ ਤੇ ਹੋਰ ਦੇਸ਼ਾਂ ਦੀਆਂ ਸਰਕਾਰਾਂ ਦੇ ਲੋਕਾਂ ਪ੍ਰਤੀ ਰਵਈਏ ਬਾਰੇ ਭਲੀਭਾਂਤ ਜਾਣ ਗਏ ਹੋਵੋਗੇ।ਇਹ ਹਿੰਦੂ ਧਰਮ ਦਾ ਢੰ-ਡੋਰਾ ਪਿੱਟ ਕੇ ਲੋਕਾਂ ਦੀਆਂ ਵੋਟਾਂ ਬਟੋਰ ਕੇ ਹਿੰਦੂ ਧਰਮ ਦੀ ਆੜ੍ਹ ਵਿੱਚ ਸਿਰਫ ਤੇ ਸਿਰਫ ਦੋ ਕਾਰਪੋਰੇਟਾਂ ਉਹ ਵੀ ਗੁ-ਜਰਾਤੀ ਕਾਰਪੋਰੇਟਾਂ ਅੰਬਾਨੀ ਤੇ ਅਡਾਨੀ ਪੱਖੀ ਰਾਜ ਇਸ ਦੇਸ਼ ਵਿੱਚ ਸਥਾਪਤ ਕਰਨਾ ਚਾਹੁੰਦੀ ਹੈ ।ਦੇਸ਼ ਦੇ ਵਿਸ਼ੇਸ਼ ਕਰਕੇ ਪੰਜਾਬ ਦੇ ਕਿਸਾਨਾਂ ਨੇ ਮੋਦੀ ਸਰਕਾਰ ਵਲੋਂ ਕਾਰਪੋਰੇਟਾਂ ਦੇ ਹੱਥ ਕਿਸਾਨਾਂ ਦੀਆਂ ਜਮੀਨਾਂ ਦੇਣ ਦੀ ਨੀਅਤ ਨਾਲ ਤਿੰਨ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਪਾਸ ਕੀਤੇ।ਜਿਨਾਂ ਵਿਰੁੱਧ ਕਿਸਾਨਾਂ ਨੇ ਦਿੱਲੀ ਦੇ ਬਾਰਡਰਾਂ ਤੇ ਸਾਲ , ਸਵਾ ਸਾਲ ਲੜਾਈ ਲੜ੍ਹ ਕੇ ਆਪਣੇ ਕਿਸਾਨ ਵਿਰੋਧੀ ਕਾਨੂੰਨ ਹੈਂਕੜਬਾਜ ਮੋਦੀ ਦੀ ਭਾਜਪਾ ਸਰਕਾਰ ਕੋਲੋਂ ਰੱਦ ਕਰਵਾ ਕੇ ਜਿੱਤ ਦੇ ਗੀਤ ਗਾਉਂਦੇ ਪੰਜਾਬ ਸਮੇਤ ਦੇਸ਼ ਦੇ ਹੋਰ ਸੂਬਿਆਂ ਵਿੱਚ ਪਰਤੇ ਸਨ। ਪਿਛਲੇ ਸਮੇਂ ਤੋਂ ਜਦੋਂ ਸਾਰੇ ਦਫਤਰ ,ਹਸਪਤਾਲ, ਬੈਂਕ ,ਕਾਰਖਾਨੇ , ਟਰਾਂਪੋਰਟ ਵਗੈਰਾ ਸਭ ਕੁਝ ਨੂੰ ਖੋਲ ਦਿੱਤਾ ਗਿਆ ਹੈ ਤਾਂ ਫਿਰ ਕੀ ਕਰੋਨਾ ਹਮਲਾ ਸਿਰਫ ਸਕੂਲਾਂ ਤੇ ਕਰਦਾ ਹੈ ?ਇਸ ਕਰਕੇ ਵਿਦਿਅੱਕ ਅਦਾਰੇ ਬੰਦ ਕੀਤੇ ਗਏ ਹਨ।ਦੇਸ਼ ਦੀਆਂ ਰਾਜਨੀਤਕ ਪਾਰਟੀਆਂ ਦੇਸ਼ ਦੇ ਕਿਸੇ ਹਿੱਸੇ ਵਿੱਚ ਵੱਡੀਆ ਵੱਡੀਆਂ ਰੈਲੀ ਕਰ ਲੈਣ ,ਇਹ ਪਾਰਟੀਆਂ ਕਾਂਨਫਰੰਸਾਂ ਕਰ ਲੈਣ , ਮੈਰਿਜ ਪੈਲਸਾਂ ਵਿੱਖੇ ਹਜਾਰਾਂ ਦੀ ਗਿਣਤੀ ਵਿੱਚ ਲੋਕ ਇਕਠੇ ਹੋ ਕੇ ਰੰਗ ਬਿਰੰਗੀ ਤਰਾਂ ਦੇ ਕਲਾਕਾਰ ਬੁਲਾ ਕੇ ਮੂੰਹ ਨਾਲ ਮੂੰਹ ਜੋੜ੍ਹ ਕੇ ਭਾਵੇਂ ਬੈਠ ਕੇ ਵਿਆਹਾਂ ਦਾ ਅਨੰਦ ਮਾਣੀ ਜਾਣ ।ਕਰੋਨਾ ਸਮਝਣ ਲਗ ਪਿਆ ਹੈ ਕਿ ਇਹ ਤਾਂ ਉਨਾਂ ਦੇ ਬੰਦੇ ਹਨ ਇਨਾਂ ਨੂੰ ਮੈਂ ਨਹੀਂ ਹੋਣਾ, ਇਸੇ ਕਰਕੇ ਕਰੋਨਾ ਉਧਰ ਝਾਕਦਾ ਤਕ ਵੀ ਨਹੀਂ।ਕਰੋਨਾ ਬੜੀ ਕੁੱਤੀ ਸ਼ੈ ਹੈ ।ਇਹ ਪਤਾ ਜੇ ਕਿਉਂ ਆਉਂਦਾ ਜਦੋਂ ਸਕੂਲ ਖੁੱਲ ਜਾਣ , ਜਾਂ ਫਿਰ ਇਹ ਰਾਤ ਦੇ ਸਮੇਂ ਜਦੋਂ ਸ਼ਹਿਰਾਂ ਵਿੱਚ ਕਰਫਿਊ ਲਗਾ ਹੋਵੇ ਤੇ ਲੋਕ ਬਾਹਰ ਝਾਕ ਵੀ ਨਾ ਸਕਦੇ ਹੋਣ ਬਸ ਉਦੋਂ ਚੰਬੜਦਾ ਹੈ।ਇਹ ਨਹੀਂ ਪਤਾ ਕਿ ਇਸ ਵੇਲੇ ਇਹ ਕਿਸ ਨੂੰ ਚੰਬੜਦਾ ਹੈ ਕਰੋਨੇ ਦਾ ਨਜਲਾ ਸਿਰਫ ਤੇ ਸਿਰਫ ਸਕੂਲਾਂ, ,ਕਾਲਜਾਂ ਜਾਂ ਫਿਰ ਹੋਰ ਵਿ-ਦਅੱਕ ਅਦਾਰਿਆਂ ਤੇ ਡਿਗਦਾ ਹੈ ।ਲੋਕ ਦਿਨ ਬ ਦਿਨ ਸਮਝਣ ਲਗ ਪਏ ਹਨ ਕਿ ਇਹ ਕਰੋਨਾ ਸਕੂਲਾਂ ਤੇ ਹੀ ਮਾਰ ਕਿਉਂ ਕਰਦਾ ਹੈ ਉਹ ਵੀ ਸਰਮਾਏਦਾਰ ਟੋਲੇ ਨਾਲ ਰਲਿਆ ਹੋਇਆ।

ਉਹ ਵੀ ਚਾਹੁੰਦਾ ਹੈ ਕਿ ਦੇਸ਼ ਦਾ ਨੌ-ਜੁਆਨ ਅਲੜ੍ਹ ਤੇ ਬੇਸਮਝ ਬਣਿਆ ਰਹੇ ਤੇ ਹਕੂਮਤਾਂ ਚਲਾ ਰਹੇ ਰਾਜਨੀਤਕ ਬਿਨਾ ਕਿਸੇ ਦੇ ਹੀਲ ਹੁਜੱਤ ਕਰਨ ਦੇ ਰਾਜ ਕਰਦੇ ਰਹਿਣ ਤੇ ਦੇਸ਼ ਨੂੰ ਦੋਹੀਂ ਦੋਹੀਂ ਹੱਥੀਂ ਲੋਕਾਂ ਨੂੰ ਲੁੱਟੀ ਜਾਣ ।ਇਸ਼ ਗਹਿਰੀ ਸਾਜਿਸ਼ ਨੂੰ ਹਰ ਇਨਸਾਨ ਭਾਵੇਂ ਉਹ ਬਹੁਤਾ ਪੜਿਆ ਲਿਖਿਆ ਹੈ ਜਾਂ ਨਹੀਂ ਉਹ ਵੀ ਸਮਝਣ ਲਗ ਪਿਆ ਹੈ।ਚਲਾਕ ਰਾਜਨੀਤਕਾਂ ਤੇ ਸਰਕਾਰ ਦੀ ਗਹਿਰੀ ਤੇ ਗੰਭੀਰ ਇਸੇ ਚਾਲ ਨੂੰ ਸਮਝਦਿਆਂ ਹੋਇਆਂ ਹੁਣ ਕਿਸਾਨਾਂ ਦੀਆਂ ਜਥੇਬੰਦੀਆਂ ਉਗਰਾਹਾਂ , ਡਕੌਂਦਾ , ਲਖੋਵਾਲ ਆਦਿ ਕਈ ਹੋਰ ਜਥੇਬੰ-ਦੀਆਂ ਜਿਹੜੀਆਂ ਚੋਣਾਂ ਵਿੱਚ ਭਾਗ ਨਹੀਂ ਲੈ ਰਹੀਆਂ ਨੇ ਪੰਜਾਬ ਦੇ ਸਕੂਲਾਂ ਤੇ ਵਿਦਿਅੱਕ ਅਦਾਰਿਆਂ ਨੂੰ ਖੋਹਲੇ ਜਾਣ ਲਈ ਸਰਕਾਰ ਵਿਰੁੱਧ ਸੰਘਰਸ਼ ਸ਼ੁਰੂ ਕਰਨ ਦਾ ਐਲਾਨ ਕਰਨਾ ਪਿਆ ਹੈ ਕਿਉਂ ਕਿ ਉਹ ਆਪਣੇ ਬੱਚਿਆਂ ਦਾ ਭਵਿੱਖ ਹੋਰ ਬਹੁਤਾ ਚਿਰ ਬਰਬਾਦ ਹੁੰਦਾ ਨਹੀਂ ਦੇਖ ਸਕਦੇ ਤੇ ਨਾ ਹੀ ਆਪਣੇ ਬਚਿਆਂ ਨੂੰ ਇਹੋ ਜਿਹਾ ਬਣਾਉਣਾ ਚਾਹੁੰਦੇ ਹਨ ਜਿਹੜੇ ਦੇਸ਼ ਵਿੱਚ ਕੀ ਹੋ ਰਿਹਾ ਤੇ ਕੀ ਨਹੀਂ ਹੋ ਰਿਹਾ ਦੀ ਪਰਖ ਨਾ ਕਰ ਸਕਣ।ਉਨਾਂ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਨਾਂ ਨੇ 7 ਫਰਵਰੀ ਤਕ ਵਿਦਿਅੱਕ ਅਦਾਰੇ ਨਾ ਖੋਹਲੇ ਤਾਂ ਉਹ ਸਰਕਾਰ ਵਿਰੁੱਧ ਸੰਘਰਸ਼ ਸ਼ੁਰੂ ਕਰ ਦੇਣਗੇ ਉਨਾਂ ਨੇ ਪਹਿਲੇ ਪੜਾਅ ਵਿੱਚ ਇਕ ਦਿਨ ਲਈ ਪੰਜਾਬ ਬੰਦ ਕਰਨ ਦਾ ਐਲਾਨ ਵੀ ਕੀਤਾ ਹੈ ਜੇ ਕਰ ਸਰਕਾਰ ਨੇ ਫਿਰ ਵੀ ਸਕੂਲ ਨਾ ਖੋਲੇ ਤਾਂ ਉਹ ਸਰਕਾਰ ਦੀ ਇਸ ਨੀਤੀ ਵਿਰੁੱਧ ਅਣਮਿੱਥੇ ਸਮੇਂ ਲਈ ਸੰਘਰਸ਼ ਸ਼ੁਰੂ ਕਰ ਦੇਣਗੇ ਤੇ ਇਹ ਅੰ-ਦੋਲਨ ਉਦੋਂ ਤਕ ਜਾਰੀ ਰਹੇਗਾ ਜਦੋਂ ਤਕ ਸਰਕਾਰ ਵਲੋਂ ਸਾਰੇ ਵਿਦਿਅੱਕ ਅਦਾਰੇ ਨਹੀਂ ਖੋਲੇ ਜਾਂਦੇ।ਇਸ ਸੰਘਰਸ਼ ਵਿੱਚ ਹਰ ਵਰਗ ਨੂੰ ਸਹਿਯੋਗ ਦੇਣਾ ਬਣਦਾ ਹੈ ਜਿਵੇਂ ਉਨਾਂ ਨੇ ਕਿਸਾਨੀ ਸੰਘਰਸ਼ ਵਿੱਚ

ਕਿਸਾਨਾਂ ਨੂੰ ਸਾਥ ਦਿੱਤਾ ਸੀ ਤੇ ਅੰਤ ਵਿੱਚ ਫਤਹਿ ਪ੍ਰਾਪਤ ਕੀਤੀ ਸੀ ਕਿਉਂ ਕਿ ਇਹ ਇਤਨਾ ਵੱਡਾ ਤੇ ਪਵਿੱਤਰ ਕਾਜ ਹੈ ਜਿਸ ਨਾਲ ਸਾਡੇ ਦੇਸ਼ ਦੀ ਪਨੀਰੀ ਦਾ ਭਵਿੱਖ ਜੁੜ੍ਹਿਆ ਹੋਇਆ ਹੈ ।ਇਸ ਕਾਜ ਵਿੱਚ ਕਿਸਾਨਾਂ ਨੇ ਤਾਂ ਇਹ ਸੰਘਰਸ਼ ਲੜਣਾ ਹੀ ਹੈ ਕਲਾਕਾਰਾਂ , ਮਜਦੂਰਾਂ, ਬੁੱਧੀਜੀਵੀਆਂ ,ਮੁਲਾਜਮਾਂ , ਵਿਦਿਆਰਥੀ ਜਥੇਬੰਦੀਆਂ ਕਹਿਣ ਦਾ ਭਾਵ ਕਿ ਹਰ ਵਰਗ ਨੂੰ

ਸਹਿਯੋਗ ਦੇ ਕੇ ਬੱਚਿਆਂ ਦੇ ਭਵਿੱਖ ਨੂੰ ਹੋਰ ਖਰਾਬ ਹੋਣ ਤੋਂ ਬਚਾਉਣ ਲਈ ਕਮਰ ਕੱਸੇ ਕਰਕੇ ਰਣ ਖੇਤਰ ਵਿੱਚ ਆਉਣਾ ਚਾਹੀਦਾ ਹੈ ।ਸਕੂਲ ਬੰਦ ਕਰਨ ਵਿੱਚ ਸਰਕਾਰ ਦਾ ਇਕ ਹੋਰ ਮੰਤਵ ਵੀ ਹੈ ਕਿ ਇਹ ਆਮ ਵਰਗ ਨੂੰ ਪੜਾਈ ਤੋਂ ਵਾਂਝੇ

ਰੱਖ ਕੇ ਉਨਾਂ ਨੂੰ ਬੁੱਧੂ ਬਣ-ਾਉਣਾ ਚਾਹੁੰਦੀ ਹੈ ਤਾਂ ਕਿ ਸਰਕਾਰ ਕੀ ਕਰ ਰਹੀ ਹੈ ਉਸ ਤੇ ਕਿੰਤੂ ਪ੍ਰੰਤੂ ਕਰਨ ਦੇ ਸਮਰੱਥ ਹੀ ਨਾ ਹੋ ਸਕਣ।ਸਰਕਾਰ ਆਪਣੀ ਮਰਜੀ ਦੇ ਕਾਨੂੰਨ ਬਣਾ ਕੇ ਜੰਨਤਾ ਨੂੰ ਲਿਤਾੜ੍ਹਦੀ ਰਹੇ।ਸਰਕਾਰ ਦੀ ਇਸ ਸਾਜਿਸ਼ ਨੂੰ ਫੇਲ੍ਹ ਕਰਨਾ ਸਿਰਫ ਕਿਸਾਨਾਂ ਇੱਕਲਿਆਂ ਦੀ ਜਿੰਮੇਵਾਰੀ ਨਹੀਂ ਬਲਕਿ ਸਾਡੀ ਸਭ ਦੀ ਹੈ।

## ਚੰਨੀ ਨੂੰ ਸਫਲ ਬਣਾਓ - ਅੰਬੇਡਕਰਵਾਦੀਆਂ ਵੱਲੋਂ ਅਪੀਲ

ਜਲੰਧਰ : ਪੰਜਾਬ ਦੇ ਉੱਘੇ ਅੰਬੇਡਕਰਵਾਦੀਆਂ ਸ੍ਰੀ ਲਾਹੌਰੀ ਰਾਮ ਬਾਲੀ, ਡਾ. ਜੀ ਸੀ ਕੌਲ, ਚਰਨ ਦਾਸ ਸੰਧੂ, ਹਰਮੇਸ਼ ਜੱਸਲ, ਬਲਦੇਵ ਰਾਜ ਭਾਰਦਵਾਜ, ਡਾ. ਰਵੀ ਕਾਂਤ ਪਾਲ ਅਤੇ ਮੈਡਮ ਸੁਦੇਸ਼ ਕਲਿਆਣ ਨੇ ਇੱਕ ਸਾਂਝੇ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਰਾਹੁਲ ਗਾਂਧੀ ਵੱਲੋਂ ਚਰਨ-ਜੀਤ ਸਿੰਘ ਚੰਨੀ ਨੂੰ ਪੰਜਾਬ ਦਾ ਮੁੱਖ ਮੰਤਰੀ ਚਿਹਰਾ ਬਣਾਉਣ ਦਾ ਲਿਆ ਗਿਆ ਫੈਸਲਾ ਇੱਕ ਇਤਿਹਾਸਕ ਯਾਦਗਾਰੀ ਫੈਸਲਾ ਹੈ। ਉਨ੍ਹਾਂ ਨੇ ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਦੇ ਚਿਹਰੇ ਲਈ ਰਾਹੁਲ ਗਾਂਧੀ ਦੇ ਇਸ ਐਲਾਨ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਰਤ ਦੀ ਅਜ਼ਾਦੀ ਦੇ 75 ਸਾਲਾਂ ਬਾਅਦ ਪਹਿਲੀ ਵਾਰ ਮਿਹਨਤਕਸ਼ਾਂ ਦੇ ਵਰਗ ਦੇ ਵਿਅਕਤੀ ਨੂੰ 2022 ਦੀ ਵਿਧਾਨ ਸਭਾ ਚੋਣਾਂ ਵਿਚ ਮੁੱਖ ਮੰਤਰੀ ਦਾ ਚੇਹਰਾ ਐਲਾਨਿਆ ਗਿਆ ਹੈ। ਚਰਨਜੀਤ ਸਿੰਘ ਚੰਨੀ ਉੱਚ ਸਿੱਖਿਆ ਪ੍ਰਾਪਤ, ਤਜਰਬੇਕਾਰ ਅਤੇ ਸੁਚੱਜੇ ਸਿਆ-ਸਤਦਾਨ ਹਨ, ਇਸ ਲਈ ਉਪਰੋਕਤ ਅੰਬੇਡਕਰਵਾਦੀ ਚਰਨ-ਜੀਤ ਸਿੰਘ ਚੰਨੀ ਅਤੇ ਉਨ੍ਹਾਂ ਦੀ ਟੀਮ ਨੂੰ ਸਫਲ ਬਣਾਉਣ ਦੀ ਅਪੀਲ ਕਰਦੇ ਹਨ।



## ਭਾਜਪਾ ਪੰਜਾਬ ’ਚ ਲਾਉਣਾ ਚਾਹੁੰਦੀ ਹੈ ਗਵਰਨਰ ਰਾਜ: ਚਰਨਜੀਤ ਚੰਨੀ

ਜਲੰਧਰ ਵਿਧਾਨ ਸਭਾ ਹਲਕਾ ਰਾਮਾ ਮੰਡੀ ਵਿਖੇ ਲੋਕਾਂ ਨੂੰ ਸੰਬੋਧਤ ਕਰਦੇ ਸੀਐੱਮ ਚੰਨੀ ਨੇ ਭਾਜਪਾ ਤੇ ਨਿਸ਼ਾਨਾ ਸਾਧਿਆ ਕੇ ਕਿਹਾ ਕਿ ਭਾਜਪਾ ਪੰਜਾਬ ’ਚ ਰਾਸ਼ਟਰੀਪਤੀ ਰਾਜ ਲਾਗੂ ਕਰਨ ਦਿ ਫਿਰਾਕ ’ਚ ਹੈ। ਉਨ੍ਹਾਂ ਕਿਹਾ ਕਿ ਭਾਜਪਾ ਆਮ ਆਦਮੀ ਪਾਰਟੀ ਨੂੰ ਹਵਾ ਦੇ ਰਹੀ ਹੈ ਤਾਂ ਜੋ ਪੰਜਾਬ ਵਿਚ ਤਿਕੋਣਾ ਬਹੁਮਤ ਆ ਜਾਵੇ, ਤਾਂ ਕਿ ਕੇਂਦਰ ਸਰਕਾਰ ਪੰਜਾਬ ਵਿਚ ਗਵਰਨਰ ਰਾਜ ਲਾ ਕੇ ਰਾਜ ਕਰ ਸਕੇ। ਚੰਨੀ ਨੇ ਕਿਹਾ ਕਿ ਅਕਾਲੀ-ਭਾਜਪਾ ਦੀ ਗੱਠਜੋੜ ਸਰਕਾਰ ਨੇ ਸੂਬੇ ਵਿਚ 10 ਸਾਲ ਰਾਜ ਕੀਤਾ। ਉਸ ਦੌਰਾਨ ਸੁਖਬੀਰ ਬਾਅਦ ਦੁਪਹਿਰ 12 ਵਜੇ ਦੁਕਾਨ ਖੋਲ੍ਹਦਾ ਸੀ। ਉਸ ਉਪਰੰਤ ਕੈਪਟਨ ਅਮਰਿੰਦਰ ਸਿੰਘ ਆਏ, ਜਿਹੜੇ ਸ਼ਾਮ 4 ਵਜੇ ਦੁਕਾਨ ਬੰਦ ਕਰ ਦਿੰਦੇ ਸੀ, ਜਦਕਿ ਭਗਵੰਤ ਮਾਨ ਸ਼ਾਮ 6 ਵਜੇ ਬੰਦ ਕਰਦਾ ਹੈ। ਉਨ੍ਹਾਂ ‘ਆਪ’ ਦੇ ਮੁੱਖ ਮੰਤਰੀ ਚਿਹਰੇ ਭਗਵੰਤ ਮਾਨ ਸਿੰਘ ’ਤੇ ਵਿਅੰਗ ਕਰਦਿਆਂ ਕਿਹਾ ਕਿ ਸਟੇਜ ਚਲਾਉਣ ਤੇ ਸਟੇਟ ਚਲਾਉਣ ਵਿਚ ਬਹੁਤ ਫਰਕ ਹੁੰਦਾ ਹੈ। ਰਾਜਿੰਦਰ ਬੇਰੀ ਲਈ ਵੋਟ ਮੰਗਦੇ ਹੋਏ ਚੰਨੀ ਨੇ ਕਿਹਾ ਕਿ ਜੇਕਰ ਤੁਸੀਂ ਮੈਨੂੰ ਵੋਟ ਪਾਈ ਤਾਂ ਮੁੱਖ ਮੰਤਰੀ ਨੂੰ ਵੋਟ ਪਾਓਗੇ ਪਰ ਕਿਸੇ ਹੋਰ ਨੂੰ ਪਾਈ ਤਾਂ ਉਹ ਵਿਧਾਇਕ ਚੁਣਨਗੇ। ਤੁਸੀਂ ਮੇਰਾ ਕੰਮ ਕਰ ਦਿਓ, ਮੈਂ ਤੁਹਾਡਾ ਕੰਮ ਕਰਾਂਗਾ ਅਤੇ ਮੰਤਰੀ ਬਣਨ ਤੋਂ ਬਾਅਦ ਖ਼ਾਲੀ ਕਾਗਜ਼ਾਂ ’ਤੇ ਅੰਗੂਠਾ ਲਾ ਦੇਣਾ, ਤੁਸੀਂ ਬੇਰੀ ਤੋਂ ਜੋ ਮਰਜ਼ੀ ਲਿਖਵਾ ਲਿਓ। ਚੰਨੀ ਨੇ ਕਿਹਾ ਕਿ ‘ਆਪ’ ਵਿਚ 50 ਤੋਂ ਵਧੇਰੇ ਉਮੀਦਵਾਰ ਹੋਰ ਪਾਰਟੀਆਂ ਤੋਂ ਆਏ ਹਨ। ਝਾੜੂ ਖੜ੍ਹਾ ਕਰਨ ਨਾਲ ਕਲੇਸ਼ ਹੁੰਦਾ ਹੈ। ਉਸ ਨੂੰ ਐਵੇਂ ਹੀ ਵੋਟ ਨਾ ਪਾ ਦਿਓ। ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਨੂੰ ਆਟਾ-ਦਾਲ ਦੇਣ ਨਾਲ ਬੇਰੋਜਗਾਰੀ ਖਤਮ ਨਹੀਂ ਹੋਣੀ। ਅਸੀ ਆਪਣੇ ਕਾਰਜਕਾਲ ਵਿਚ ਸਿੱਖਿਆ ਤੇ ਸਿਹਤ ਨੂੰ ਅਹਿਮੀਅਤ ਦਿੱਤੀ ਹੈ। ਪੜ੍ਹਾਈ ਨਾਲ ਗਰੀਬੀ ਨੂੰ ਖਤਮ ਕੀਤਾ ਜਾ ਸਕਦਾ ਹੈ, ਜਿਸ ਕਾਰਨ ਯੂਨੀਵਰਸਿਟੀਆਂ ਨੂੰ ਬਦਹਾਲੀ ਵਿਚੋਂ ਕੱਢਣ ਲਈ ਫੰਡ ਦਿੱਤੇ ਗਏ।



# ਕੀ ਪੰਜਾਬ ਦੇ ਖਿਡਾਰੀਆਂ ਨੂੰ ਸਿਆਸਤ ਵਿੱਚ ਆਉਣਾ ਚਾਹੀਦਾ ਹੈ ?

## 2022 -ਚੋਣ ਦੰਗਲ ਵਿੱਚ ਆਪਣੀ ਕਿਸਮਤ ਅਜ਼ਮਾਈ ਕਰ ਰਹੇ ਹਨ ਚੋਟੀ ਦੇ 7 ਖਿਡਾਰੀ

**ਲੁਧਿਆਣਾ ਤੋਂ ਜਗਰੂਪ ਸਿੰਘ ਜਰਖੜ ਦੀ ਵਿਸ਼ੇਸ਼ ਰਿਪੋਰਟ**

ਵੈਸੇ ਤਾਂ ਦੁਨੀਆਂ ਦੀ ਸਿਆਸਤ ਹਰ ਖੇਤਰ ਤੇ ਭਾਰੂ ਹੈ , ਹਰ ਮਸਲੇ ਦਾ ਹੱਲ ਤੇ ਵੀ ਉੱਥੋਂ ਦੀ ਸਰਕਾਰਾਂ ਦੀ ਹੀ ਪਕੜ ਹੁੰਦੀ ਹੈ। ਸੂਬਾ ਪੰਜਾਬ ਇਸ ਸਿਆਸਤ ਦਾ ਇਸ ਕਦਰ ਭਾਰੂ ਹੈ ਕਿ ਜੇ ਇੱਥੋਂ ਦੇ ਸਿਆਸਤਦਾਨਾਂ ਦਾ ਵੱਸ ਚੱਲੇ ਤਾਂ ਪੰਛੀ ਵੀ ਇਨ੍ਹਾਂ ਦੀ ਮਰਜ਼ੀ ਨਾਲ ਉਡਾਰੀ ਭਰਨ । ਪਰ ਫਿਰ ਵੀ ਮਨੁੱਖਤਾ ਦੇ ਹਰ ਖੇਤਰ ਵਿੱਚ ਮੌਜੂਦਾ ਪੰਜਾਬ ਸਰਕਾਰ ਤੋਂ ਬਿਨਾਂ ਪੱਤਾ ਨਹੀਂ ਹਿੱਲਦਾ । ਇਸ ਕਰਕੇ ਹੱਦੋਂ ਵੱਧ ਮਕਬੂਲੀਅਤ ਖੱਟਣ



ਵਾਲੇ ਫਿਲਮਾਂ ਦੇ ਸੁਪਰਸਟਾਰ ਅਤੇ ਹੋਰ ਖੇਤਰਾਂ ਦੇ ਹੀਰੋ ਵੀ ਸਿਆਸਤ ਵਿੱਚ ਆਉਣਾ ਪਸੰਦ ਕਰਦੇ ਹਨ ਕਿਉਂਕਿ ਕਿਸੇ ਵੀ ਖੇਤਰ ਦੇ ਸੁਪਰਸਟਾਰ ਜਾਂ ਹੀਰੋ ਬਣਨ ਨਾਲੋਂ ਰਾਜਸੀ ਤਾਕਤ ਦਾ ਨਸ਼ਾ ਜ਼ਿਆਦਾ ਸਕੂਨ ਦਿੰਦਾ ਹੈ । ਇਕ ਵਕਤ ਸੀ ਕਿ ਜਦੋਂ ਪੰਜਾਬ ਦੀ ਸਿਆਸਤ ਵਿੱਚ ਸਿਰਫ਼ ਉਹ ਆਗੂ ਹੀ ਲੋਕ ਸੇਵਾ ਦੀ ਭਾਵਨਾ ਅਤੇ ਪੰਜਾਬ ਦੀ ਤਰੱਕੀ ਦੇ ਇਰਾਦਿਆ ਨਾਲ ਆਉਂਦੇ ਸਨ ਜੋ ਆਪਣਾ ਤਨ ਮਨ ਧਨ ਸਿਆਸਤ ਦੇ ਲੇਖੇ ਲਾਉਂਦੇ ਸਨ । ਸਿਆਸਤ ਨੂੰ ਰਾਜ ਨਹੀਂ ਸੇਵਾ ਵਜੋਂ ਮੰਨਿਆ ਜਾਂਦਾ ਸੀ ਪਰ ਜਦ ਤੋਂ ਸਿਆਸਤ ਵਿਚ ਸਰਮਾਏਦਾਰ, ਵਪਾਰਕ ਸੋਚ , ਧਨਾਢ ਅਤੇ ਮਾਫੀਆ ਨਾਲ ਸਬੰਧਤ ਲੋਕਾਂ ਦੀ ਐਂਟਰੀ ਹੋਈ ਹੈ । ਉਸ ਦਿਨ ਤੋਂ ਸਿਆਸਤ ਇੱਕ ਸੇਵਾ ਨਹੀਂ ਸਗੋਂ ਇੱਕ ਵਪਾਰ ਬਣ ਕੇ ਰਹਿ ਗਈ ਹੈ । ਅੱਜ ਭਾਵੇਂ ਪੰਜਾਬ ਜਾਂ ਹਿੰਦੋਸਤਾਨ ਦੇ ਕਿਸੇ ਵੀ ਸੂਬੇ ਦੀ ਸਿਆਸਤ ਹੋਵੇ ਹਰ ਕੋਈ ਐੱਮ ਐੱਲ ਏ, ਮੈਂਬਰ ਪਾਰਲੀਮੈਂਟ ਅਤੇ ਮੰਤਰੀ ਬਣਨਾ ਆਪਣੇ ਹੀ ਮਨ ਵਿੱਚ ਲੋਚਦਾ ਹੈ । ਰਾਜਸੀ ਨਸ਼ੇ ਦਾ ਸਕੂਨ ਲੈਣ ਲਈ ਹਰ ਖੇਤਰ ਦੇ ਲੋਕਾਂ ਨੇ ਸਿਆਸਤ ਵਿੱਚ ਸ਼ਮੂਲੀਅਤ ਕੀਤੀ ਹੈ। ਕੁਝ ਨੇ ਕਾਮਯਾਬੀ ਵੀ ਹਾਸਿਲ ਕੀਤੀ ਕੁਝ ਬੁਰੀ ਤਰ੍ਹਾਂ ਫੇਲ੍ਹ ਵੀ ਹੋਏ,ਬਹੁਤਿਆਂ ਨੇ ਚੰਗਾ ਮਾਲ ਬਣਾਇਆ ਵੀ , ਬਹੁਤਿਆਂ ਨੇ ਘਰ ਫੂਕ



ਤਮਾਸ਼ਾ ਵੀ ਵੇਖਿਆ, ਕੁਝ ਨੇ ਆਪਣੇ ਖੇਤਰ ਨਾਲੋਂ ਵੀ ਸਿਆਸਤ ਵਿੱਚ ਵੱਡਾ ਨਾਮਣਾ ਖੱਟਿਆ, ਅਤੇ ਸਹੀ ਅਰਥਾਂ ਵਿੱਚ ਰਾਜਨੀਤਿਕ ਸੇਵਾ ਵੀ ਕੀਤੀ । ਸਾਬਕਾ ਪ੍ਰਧਾਨ ਮੰਤਰੀ ਡਾ ਮਨਮੋਹਨ ਸਿੰਘ ਅਤੇ ਸਾਬਕਾ ਰਾਸ਼ਟਰਪਤੀ ਏਪੀਜੇ ਅਬਦੁਲ ਕਲਾਮ ਇਸ ਦੀ ਇਕ ਵੱਡੀ ਉਦਾਹਰਨ ਹਨ । ਆਮ ਤੌਰ ਤੇ ਪੰਜਾਬ ਦੀ ਸਿਆਸਤ ਵਿੱਚ ਖਿਡਾਰੀਆਂ ਦੀ ਐਂਟਰੀ ਨਾ ਮਾਤਰ ਰਹੀ ਹੈ । ਪਿਛਲੇ ਇੱਕ ਦਹਾਕੇ ਤੋਂ ਕ੍ਰਿਕਟਰ ਨਵਜੋਤ ਸਿੰਘ ਸਿੱਧੂ ਅਤੇ ਹਾਕੀ ਓਲੰਪੀਅਨ ਪਰਗਟ ਸਿੰਘ ਨੇ ਪੰਜਾਬ ਦੀ ਸਿਆਸਤ ਵਿੱਚ ਵੱਡਾ ਨਾਮਣਾ ਖੱਟਿਆ ਹੈ । ਇਸ ਵਾਰ ਵੀ ਚੋਣ ਦੰਗਲ 2022 ਵਿੱਚ ਪੰਜਾਬ ਦੇ 7 ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ ਆਪਣੀ ਕਿਸਮਤ ਅਜ਼ਮਾਈ ਕਰ ਰਹੇ ਹਨ। ਨਵਜੋਤ ਸਿੰਘ ਸਿੱਧੂ ਅਤੇ ਪਰਗਟ ਸਿੰਘ ਤਾਂ ਹੁਣ ਇਕ ਖੇਡ ਦੇ ਖਿਡਾਰੀ ਨਹੀਂ ਸਗੋਂ ਸਿਆਸਤ ਦੇ ਚੰਗੇ ਖਿਡਾਰੀ ਬਣ ਗਏ ਹਨ। ਇਸ ਤੋਂ ਇਲਾਵਾ 1975 ਵਿਸ਼ਵ ਕੱਪ ਹਾਕੀ ਦੇ ਜੇਤੂ ਕਪਤਾਨ ਅਜੀਤਪਾਲ ਸਿੰਘ ਸੰਸਾਰਪੁਰ, ਹਲਕਾ ਨਕੋਦਰ ਤੋਂ ,ਕਬੱਡੀ ਸਰਕਲ ਸਟਾਈਲ ਦੇ ਵਿਸ਼ਵ ਚੈਂਪੀਅਨ ਗੁਰਲਾਲ ਸਿੰਘ ਘਨੌਰ ਹਲਕਾ ਘਨੌਰ ਤੋਂ , ਕਬੱਡੀ ਦਾ ਹੀ ਇਕ ਹੋਰ ਸਟਾਰ ਗੁਲਜ਼ਾਰ ਸਿੰਘ ਮੂਣਕ ਹਲਕਾ ਦਿੜਬਾ ਤੋਂ , 1980 ਮਾਸਕੋ ਓਲੰਪਿਕ





ਦੇ ਹਾਕੀ ਸੋਨ ਤਮਗਾ ਜੇਤੂ ਓਲੰਪੀਅਨ ਸੁਰਿੰਦਰ ਸਿੰਘ ਸੋਢੀ ਜਲੰਧਰ ਕੈਂਟ ਤੋਂ ,ਅਰਜਨ ਐਵਾਰਡੀ ਬਾਸਕਟਬਾਲ ਖਿਡਾਰੀ ਸੱਜਣ ਸਿੰਘ ਚੀਮਾ ਹਲਕਾ ਸੁਲਤਾਨਪੁਰ ਲੋਧੀ ਤੋਂ ਚੋਣ ਲੜ ਰਹੇ ਹਨ। ਇਨ੍ਹਾਂ ਖਿਡਾਰੀਆਂ ਵਿੱਚੋਂ ਓਲੰਪੀਅਨ ਸੁਰਿੰਦਰ ਸਿੰਘ ਸੋਢੀ ਗੁਰਲਾਲ ਘਨੌਰ ਅਤੇ ਸੱਜਣ ਸਿੰਘ ਚੀਮਾ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਨ। ਗੁਲਜ਼ਾਰ ਸਿੰਘ ਮੂਣਕ ਸ਼੍ਰੋਮਣੀ ਅਕਾਲੀ ਦਲ ਵੱਲੋਂ ਅਤੇ ਓਲੰਪੀਅਨ ਅਜੀਤਪਾਲ ਸਿੰਘ ਪੰਜਾਬ ਲੋਕ ਕਾਂਗਰਸ ਤੋਂ ਹਨ। ਖਿਡਾਰੀਆਂ ਦਾ ਸਿਆਸਤ ਵਿੱਚ ਆਉਣਾ ਕੋਈ ਨਵੀਂ ਗੱਲ ਨਹੀਂ ਸਗੋਂ ਖਿਡਾਰੀਆਂ ਨੂੰ ਤਾਂ ਵੱਧ ਤੋਂ ਵੱਧ ਵੱਡੀ ਗਿਣਤੀ ਵਿਚ ਸਿਆਸਤ ਵਿੱਚ ਆਉਣਾ ਚਾਹੀਦਾ ਹੈ। ਜਿਸ ਤਰ੍ਹਾਂ ਖੇਡ ਮੈਦਾਨ ਦੇ ਵਿਚ ਉਹ ਹਾਰ ਜਿੱਤ ਲਈ ਆਪਣਾ ਪਸੀਨਾ ਵਹਾਉਂਦੇ ਹਨ





ਅਤੇ ਚੈਂਪੀਅਨ ਬਣਦੇ ਹਨ ਇਸੇ ਤਰ੍ਹਾਂ ਸਿਆਸਤ ਵਿੱਚ ਵੀ ਉਨ੍ਹਾਂ ਨੂੰ ਲੋਕਾਂ ਦੇ ਹੱਕ , ਸੱਚ ,ਇਨਸਾਫ ਅਤੇ ਅਧਿਕਾਰਾਂ ਲਈ ਲੜ੍ਹਨਾ ਚਾਹੀਦਾ ਹੈ। ਜਿਸ ਤਰ੍ਹਾਂ ਉਨ੍ਹਾਂ ਨੇ ਦੁਨੀਆਂ ਵਿੱਚ ਆਪਣੇ ਦੇਸ਼ ਪੰਜਾਬ ਦਾ ਨਾਮ ਰੋਸ਼ਨ ਕੀਤਾ ਉਸੇ ਤਰ੍ਹਾਂ ਸਾਫ ਸੁਥਰੀ ਅਤੇ ਸੱਚ ਤੇ ਪਹਿਰਾ ਦੇਣ ਵਾਲੀ ਰਾਜਨੀਤੀ ਦੀ ਉਦਾਹਰਣ ਬਣ ਕੇ ਪੰਜਾਬ ਦੀ ਤਰੱਕੀ ਵਿੱਚ ਆਪਣਾ ਅਹਿਮ ਯੋਗਦਾਨ ਪਾਉਣਾ ਚਾਹੀਦਾ ਹੈ । ਖਾਸ ਕਰਕੇ ਖੇਡ ਸੱਭਿਆਚਾਰ ਨੂੰ ਪ੍ਰਫੁੱਲਤ ਕਰਕੇ ਅਤੇ ਨੌਜਵਾਨ ਪੀੜ੍ਹੀ ਨੂੰ ਖੇਡਾਂ ਨਾਲ ਜੋੜ ਕੇ ਇਕ ਤੰਦਰੁਸਤ ਸਮਾਜ ਦੀ ਸਿਰਜਣਾ ਕਰਨੀ ਚਾਹੀਦੀ ਹੈ




ਖੇਡ ਲੇਖਕ

ਜਗਰੂਪ ਸਿੰਘ ਜਰਖੜ

98143-00722




ਕਿਉਂਕਿ ਜੇਕਰ ਪੰਜਾਬ ਦੇ ਵਿੱਚ ਖੇਡ ਸੱਭਿਆਚਾਰ ਪ੍ਰਫੁੱਲਤ ਹੋਵੇਗਾ ਤਾਂ ਡਰੱਗ ਅਤੇ ਹੋਰ ਨਸ਼ਿਆਂ ਦੀ ਸਮੱਸਿਆ ਆਪਣੇ ਆਪ ਹੀ ਖ਼ਤਮ ਹੋ ਜਾਵੇਗੀ । ਜਦੋਂ ਖਿਡਾਰੀਆਂ ਦੀ ਉਸਾਰੂ ਸੋਚ ਨਾਲ ਪੰਜਾਬ ਅੱਗੇ ਵਧੇਗਾ ਤਾਂ ਰਾਜਨੀਤੀ ਵਿੱਚ ਘੁਸਪੈਠ ਕਰੀ ਬੈਠੇ ਰਾਜਨੀਤਕ ਡਾਕੂ ਅਤੇ ਮਾਫੀਆ ਲੋਕ ਭੱਜਣ ਲਈ ਆਪਣੇ ਆਪ ਹੀ ਮਜਬੂਰ ਹੋਣਗੇ । ਪੰਜਾਬ ਦੇ ਖਿਡਾਰੀਆਂ ਦੀ ਰਾਜਨੀਤਕ ਐਂਟਰੀ ਤੋਂ ਪਹਿਲਾਂ ਹਾਕੀ ਓਲੰਪੀਅਨ ਅਸਲਮ ਸ਼ੇਰ ਖਾਨ ਅਤੇ ਰਾਜ ਵਰਧਨ ਰਠੌੜ ਨੇ ਭਾਰਤ ਦੇ ਕੇਂਦਰੀ ਖੇਡ ਮੰਤਰੀ ਬਣ ਕੇ ਆਪਣੀ ਉਸਾਰੂ ਭੂਮਿਕਾ ਨਿਭਾਈ ਹੈ ,ਇਸ ਤੋਂ ਇਲਾਵਾ ਹਾਕੀ ਓਲੰਪੀਅਨ ਦਿਲੀਪ ਟਿਰਕੀ ਨੇ ਰਾਜ ਸਭਾ ਮੈਂਬਰ ਬਣ ਕੇ ਉੜੀਸਾ ਦੀ ਹਾਕੀ ਦੀ ਤਰੱਕੀ ਵਿੱਚ ਵਿਸ਼ਵ ਪੱਧਰ ਤੇ ਨਾਮਣਾ ਖੱਟਿਆ ਹੈ , ਅੱਜ ਉੜੀਸਾ ਨੇ ਚਾਰ ਵਿਸ਼ਵ ਕੱਪ ਅਤੇ ਹੋਰ ਕਈ ਅੰਤਰਰਾਸ਼ਟਰੀ ਟੂਰਨਾਮੈਂਟਾਂ ਦੀ



ਮੇਜ਼ਬਾਨੀ ਹਾਸਲ ਕਰਕੇ ਉੜੀਸਾ ਦੇ ਭੁਵਨੇਸ਼ਵਰ ਸ਼ਹਿਰ ਦੁਨੀਆਂ ਦੀ ਹਾਕੀ ਦੀ ਰਾਜਧਾਨੀ ਬਣ ਗਿਆ ਹੈ । ਇਸ ਲਈ ਪੰਜਾਬ ਦੇ ਖਿਡਾਰੀਆਂ ਨੂੰ ਵੀ ਰਾਜਨੀਤੀ ਵਿੱਚ ਆ ਕੇ ਇਕ ਉਸਾਰੂ ਅਤੇ ਸਾਰਥਿਕ ਭੂਮਿਕਾ ਨਿਭਾਉਣੀ ਚਾਹੀਦੀ ਹੈ। ਜਿਸ ਨਾਲ ਪੰਜਾਬ ਜਿੱਥੇ ਖੇਡਾਂ ਦੇ ਖੇਤਰ ਵਿਚ ਤਰੱਕੀ ਕਰੇਗਾ ,ਉਥੇ ਬਾਕੀ ਖੇਤਰਾਂ ਵਿੱਚ ਵੀ ਕਾਮਯਾਬੀ ਦੀਆਂ ਬੁਲੰਦੀਆਂ ਨੂੰ ਹਾਸਲ ਕਰੇਗਾ । ਇਹ ਆਉਣ ਵਾਲਾ ਵਕਤ ਹੀ ਦੱਸੇਗਾ ਕਿ ਰਾਜਨੀਤੀ ਵਿਚ ਆਏ ਖਿਡਾਰੀਆਂ ਦੀ ਭੂਮਿਕਾ ਕਿਹੋ ਜਿਹੀ ਰਹਿੰਦੀ ਹੈ । ਪ੍ਰਮਾਤਮਾ ਪੰਜਾਬ ਦੀ ਰਾਜਨੀਤੀ ਵਿੱਚ ਜ਼ੋਰ ਅਜ਼ਮਾਈ ਕਰ ਰਹੇ ਖਿਡਾਰੀਆਂ ਤੇ ਰਹਿਮਤ ਬਖਸ਼ੇ। ਰੱਬ ਰਾਖਾ!

# ਪੰਜਾਬ ਨੂੰ ਵਿਸ਼ੇਸ਼ ਰਾਜ ਦਾ ਦਰਜਾ ਦੇਣ ਦੀ ਲੋੜ

ਬਿਹਾਰ ਦੇ ਮੁੱਖ ਮੰਤਰੀ ਨਤੀਸ਼ ਕੁਮਾਰ 2007 ਤੋਂ ਬਿਹਾਰ ਨੂੰ 'ਵਿਸ਼ੇਸ਼ ਵਰਗਾਂ ਦੇ ਰਾਜਾਂ (ਸਪੈਸ਼ਲ ਕੈਟਾਗਰੀ ਸਟੇਟ) ' ਵਿੱਚ ਸ਼ਾਮਲ ਕਰਨ ਦੀ ਮੰਗ ਕਰ ਰਹੇ ਹਨ। ਉਨ੍ਹਾਂ ਨੇ 13 ਦਸੰਬਰ 2021 ਨੂੰ ਇਸ ਮੰਗ ਨੂੰ ਮੁੜ ਦੁਹਰਾਇਆ ਪਰ ਉਨ੍ਹਾਂ ਦੀ ਭਾਈਵਾਲ ਪਾਰਟੀ ਭਾਜਪਾ ਦੀ ਉਪ-ਮੁੱਖ ਮੰਤਰੀ ਰੇਣੂ ਦੇਵੀ ਇਸ ਨਾਲ ਸਹਿਮਤ ਨਹੀਂ। ਨਤੀਸ਼ ਕੁਮਾਰ ਦਾ ਕਹਿਣਾ ਹੈ ਕਿ ਕੇਂਦਰ ਨੇ ਕੁਝ ਸੂਬਿਆਂ ਨੂੰ ਵਿਸ਼ੇਸ਼ ਰਾਜਾਂ ਦਾ ਦਰਜਾ ਦਿੱਤਾ ਹੋਇਆ ਹੈ ਤੇ ਉਨ੍ਹਾਂ ਨੂੰ 90:10 ਅਨੁਪਾਤ ਵਿੱਚ ਕੇਂਦਰ ਤੋਂ ਸਹਾਇਤਾ ਮਿਲਦੀ ਹੈ। ਭਾਵ ਕਿ ਕੇਂਦਰ ਤੋਂ ਜਿਹੜੇ ਪ੍ਰੋਜੈਕਟ ਰਾਜ ਨੂੰ ਮਿਲਦੇ ਹਨ ਉਨ੍ਹਾਂ ਵਿੱਚ ਕੇਂਦਰ 90% ਤੇ ਰਾਜ ਕੇਵਲ 10% ਰਕਮ ਪਾਉਂਦਾ ਹੈ। ਬਾਕੀ ਰਾਜਾਂ ਵਿੱਚ ਇਸ ਦੇ ਉਲਟ ਹੈ। ਉਨ੍ਹਾਂ ਨੂੰ 80:20 ਜਾਂ 60:40 ਅਨੁਪਾਤ ਨਾਲ ਰਕਮ ਪਾਉਣੀ ਪੈਂਦੀ ਹੈ।

ਇਸ ਸਮੇਂ ਭਾਰਤ ਦੇ 11 ਸੂਬੇ ਹਨ, ਜਿਨ੍ਹਾਂ ਨੂੰ ਵਿਸ਼ੇਸ਼ ਵਰਗ ਵਿੱਚ ਰੱਖਿਆ ਗਿਆ ਹੈ। ਇਨ੍ਹਾਂ ਵਿੱਚ 1. ਮਨੀਪੁਰ 2. ਮੇਘਾਲਿਆ 3. ਮੀਜ਼ੋਰਾਮ 4. ਅਰੁਣਾਚਲ ਪ੍ਰਦੇਸ਼ 5. ਤ੍ਰਿਪੁਰਾ 6 ਸਿੱਕਮ 7. ਉਤਰਾ ਖੰਡ 8. ਹਿਮਾਚਲ ਪ੍ਰਦੇਸ਼ 9. ਆਸਾਮ 10. ਜੰਮੂ ਤੇ ਕਸ਼ਮੀਰ 11. ਨਾਗਾਲੈਂਡ। ਜਿਹੜੇ 5 ਰਾਜ ਵਿਸ਼ੇਸ਼ ਦਰਜੇ ਦੀ ਮੰਗ ਕਰ ਰਹੇ ਹਨ ਉਨ੍ਹਾਂ ਵਿੱਚ 1. ਬਿਹਾਰ 2. ਆਂਧਰਾ ਪ੍ਰਦੇਸ਼ 3. ਰਾਜਸਥਾਨ 4. ਗੋਆ 5. ਉੜੀਸਾ ਸ਼ਾਮਲ ਹਨ।

ਭਾਰਤ ਸੰਵਿਧਾਨ ਦੀ ਧਾਰਾ 275 ਵਿੱਚ ਕੇਂਦਰ ਸਰਕਾਰ ਨੂੰ ਇਹ ਅਧਿਕਾਰ ਹੈ ਕਿ ਉਹ ਕਿਸੇ ਵੀ ਰਾਜ ਨੂੰ ਵਿਸ਼ੇਸ਼ ਆਰਥਿਕ ਸਹਾਇਤਾ ਦੇ ਸਕਦੀ ਹੈ।




ਵਿਸ਼ੇਸ਼ ਦਰਜੇ ਵਾਲਾ ਰਾਜਾਂ ਨੂੰ ਆਬਕਾਰੀ ਕਰ, ਕਸਟਮ ਡਿਊਟੀ, ਕਾਰਪੋਰੇਟ ਟੈਕਸ ਆਮਦਨ ਕਰ ਅਤੇ ਹੋਰ ਟੈਕਸਾਂ ਤੋਂ ਛੋਟ ਹੁੰਦੀ ਹੈ। ਦੂਸਰਾ ਜਿੰਨੀਆਂ ਵੀ ਕੇਂਦਰ ਸਰਕਾਰ ਦੀਆਂ ਸਕੀਮਾਂ ਹੁੰਦੀਆਂ ਹਨ ਉਨ੍ਹਾਂ ਵਿੱਚ 90% ਗ੍ਰਾਂਟ ਦੇ ਤੌਰ 'ਤੇ ਕੇਂਦਰ ਦੇਂਦਾ ਹੈ ਤੇ ਬਾਕੀ ਦਾ 10% ਕਰਜੇ ਦੇ ਤੌਰ 'ਤੇ ਦਿੱਤਾ ਜਾਂਦਾ ਹੈ ਪਰ ਇਸ 'ਤੇ ਕੋਈ ਵਿਆਜ ਨਹੀਂ ਹੁੰਦਾ । ਜਦ ਕਿ ਆਮ ਸੂਬਿਆਂ ਨੂੰ ਕੇਂਦਰ 30% ਹੀ ਕੇਵਲ ਗ੍ਰਾਂਟ ਦੇ ਤੌਰ 'ਤੇ ਦੇਂਦਾ ਹੈ ਬਾਕੀ 70% ਕਰਜੇ ਦੇ ਤੌਰ 'ਤੇ ਦਿੱਤਾ ਜਾਂਦਾ ਹੈ। ਇਸ ਦਾ ਭਾਵ ਇਹ ਹੈ ਇਸ ਉਪਰ ਵਿਆਜ ਦੇਣਾ ਪੈਂਦਾ ਹੈ। ਵਿਸ਼ੇਸ਼ ਦਰਜੇ ਵਾਲੇ ਸੂਬੇ ਜੋ ਬਜਟ ਵਰ੍ਹੇ ਵਿੱਚ ਜਿਹੜੀ ਰਾਸ਼ੀ ਖਰਚ ਨਹੀਂ ਕਰਦੇ ਉਹ ਅਗਲੇ ਵਰ੍ਹੇ ਖਰਚੀ ਜਾ ਸਕਦੀ ਹੈ। ਬਾਕੀਆਂ ਵਿਚ ਉਹ ਮਾਰੀ ਜਾਂਦੀ ਹੈ ।

ਇਸ ਦਰਜਾਬੰਦੀ ਲਈ ਸੂਬੇ ਦਾ ਪਹਾੜੀ ਇਲਾਕੇ ਵਿੱਚ ਹੋਣਾ, ਵਸੋਂ ਦੀ ਆਬਾਦੀ ਬਹੁਤ ਘਟ ਹੋਣਾ, ਸਰਹੱਦੀ ਸੂਬਾ ਹੋਣਾ, ਕਬੀਲਿਆਂ ਵਾਲੇ ਸੂਬੇ, ਆਰਥਿਕ ਤੌਰ 'ਤੇ ਬਹੁਤ ਪੱਛੜੇ ਹੋਣਾ ਆਦਿ ਲੱਛਣ ਹਨ।

ਜਦ ਅਸੀਂ ਪੰਜਾਬ ਦੀ ਆਰਥਿਕ ਹਾਲਾਤ ਵੇਖਦੇ ਹਾਂ ਤਾਂ ਉਹ ਬਹੁਤ ਮਾੜੀ ਹੈ। ਪੰਜਾਬ ਨੂੰ ਕਰਜਾ ਮੋੜਨ ਲਈ ਵੀ ਕਰਜ਼ਾ ਲੈਣਾ ਪੈ ਰਿਹਾ ਹੈ। ਇਹ ਸਰਹੱਦੀ ਸੂਬਾ ਹੋਣ ਕਰਕੇ 1965 ਤੇ 1971 ਦੀਆਂ ਪਾਕਿਸਤਾਨ ਨਾਲ ਹੋਈਆਂ ਲੜਾਈਆਂ ਝੇਲ ਚੁੱਕਾ ਹੈ। ਖਾੜਕੂਵਾਦ ਨੇ ਵੀ ਇਸ ਨੂੰ ਬਹੁਤ ਭਾਰੀ ਸੱਟ ਮਾਰੀ। ਰਹਿੰਦੀ ਖੂਹਿੰਦੀ ਕਸਰ ਵਾਜਪਾਈ ਸਰਕਾਰ ਨੇ ਹਿਮਾਚਲ ਤੇ ਜੰਮੂ ਕਸ਼ਮੀਰ ਨੂੰ ਟੈਕਸਾਂ ਵਿੱਚ ਵਿਸ਼ੇਸ਼ ਛੋਟ ਦੇ ਪੂਰੀ ਕਰ ਦਿੱਤੀ। ਸਿੱਟੇ ਵਜੋਂ ਪੰਜਾਬ ਦੇ ਉਦਯੋਗ ਹਿਮਾਚਲ ਦੇ ਬੱਦੀ ਸ਼ਹਿਰ ਵਿੱਚ ਚਲੇ ਗਏ। ਜਦ ਕੇਂਦਰ ਵਿੱਚ ਸ੍ਰੀ ਇੰਦਰ ਕੁਮਾਰ ਗੁਜ਼ਰਾਲ ਦੀ ਸਰਕਾਰ ਬਣੀ ਸੀ ਤਾਂ ਉਨ੍ਹਾਂ ਨੇ ਅੰਮ੍ਰਿਤਸਰ ਦੇ ਅੰਤਰ ਰਾਸ਼ਟਰੀ ਹਵਾਈ ਅੱਡੇ ਦੀ ਤਰੱਕੀ ਲਈ 125 ਕਰੋੜ ਰੁਪਏ ਗ੍ਰਾਂਟ ਜਾਰੀ ਕੀਤੀ ਤੇ ਤੇ ਨਾਲ ਹੀ ਸਰਹੱਦੀ ਜ਼ਿਲ੍ਹਿਆਂ ਅੰਮ੍ਰਿਤਸਰ, ਗੁਰਦਾਸਪੁਰ, ਫਿਰੋਜ਼ਪੁਰ ਵਿੱਚ ਉਦਯੋਗ ਲਾਉਣ ਲਈ ਉਦਯੋਗਾਂ ਨੂੰ ਟੈਕਸਾਂ ਵਿੱਚ ਛੋਟ ਦੇ ਦਿੱਤੀ ਪਰ ਉਹ ਇਸ ਨੂੰ ਗਜ਼ਟ ਵਿੱਚ ਨੋਟੀਫਾਈ ਨਾ ਕਰ ਸਕੇ ਤੇ ਉਨ੍ਹਾਂ ਦੀ ਸਰਕਾਰ ਟੁੱਟ ਗਈ ਤੇ ਆਉਣ ਵਾਲੀ ਵਾਜਪਾਈ ਸਰਕਾਰ ਤੇ ਹੋਰਨਾਂ ਸਰਕਾਰ ਨੇ ਇਸ ਪਾਸੇ ਧਿਆਨ ਨਹੀਂ ਦਿੱਤਾ। ਉਹ ਅੰਮ੍ਰਿਤਸਰ ਹਵਾਈ ਅੱਡੇ ਲਈ 125 ਕਰੋੜ ਰੁਪਏ ਸਰਕਾਰੀ ਗਜ਼ਟ ਵਿੱਚ ਨੋਟੀਫਾਈ ਕਰ ਗਏ ਤੇ ਇਹ ਫੰਡ ਜਾਰੀ ਹੋ ਗਿਆ। ਵਾਜਪਾਈ ਸਰਕਾਰ ਨੇ 75 ਕਰੋੜ ਰੁਪਏ ਅੰਮ੍ਰਿਤਸਰ ਤੇ 50 ਕਰੋੜ ਰੁਪਏ ਪਠਾਨਕੋਟ ਹਵਾਈ ਅੱਡੇ ਲਈ ਜਾਰੀ ਕਰ ਦਿੱਤਾ। ਬਾਅਦ ਵਿੱਚ ਡਾ. ਮਨਮੋਹਨ ਸਿੰਘ ਦੀ ਸਰਕਾਰ ਬਣ ਗਈ, ਜਿਨ੍ਹਾਂ ਨੇ ਦਿਲ ਖੋਲ੍ਹ ਕੇ ਅੰਮ੍ਰਿਤਸਰ




ਡਾ.ਚਰਨਜੀਤ ਸਿੰਘ ਗੁਮਟਾਲਾ

9417533060


ਹਵਾਈ ਅੱਡੇ ਫੰਡ ਦਿੱਤੇ ਤੇ ਇਹ ਹਵਾਈ ਅੱਡਾ ਆਧੁਨਿਕ ਸਹੂਲਤਾਂ ਨਾਲ ਲੈਸ ਹੋ ਗਿਆ ਤੇ ਇੱਥੇ ਹਰ ਤਰ੍ਹਾਂ ਦੇ ਜਹਾਜ ਹਰ ਮੌਸਮ ਵਿੱਚ ਆ ਜਾ ਸਕਦੇ ਹਨ।

ਕਿਉਂਕਿ ਹੁਣ ਚੋਣਾਂ ਹੋ ਰਹੀਆਂ ਹਨ ਪਰ ਇਹ ਮੁੱਦਾ ਕਿਸੇ ਵੀ ਪਾਰਟੀ ਦੇ ਚੋਣ ਮਨੋਰਥ ਵਿਚ ਨਹੀਂ । ਇਸ ਲਈ ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਨੂੰ ਪੰਜਾਬ ਦੀਆਂ ਹੋਰਨਾਂ ਮੰਗਾਂ ਦੇ ਨਾਲ ਸੂਬੇ ਦੇ ਉਦਯੋਗਿਕ ਵਿਕਾਸ ਲਈ ਇਸ ਨੂੰ ਵਿਸ਼ੇਸ਼ ਦਰਜਾ ਦੇਣ ਨੂੰ ਵੀ ਸ਼ਾਮਿਲ ਕਰਨਾ ਚਾਹੀਦਾ ਹੈ।

# ਮਾਨਵਤਾ ਦੀ ਸੇਵਾ ਲਈ ਬਾਬੇ ਨਾਨਕ ਦੀ ਲੰਗਰ ਪ੍ਰਥਾ ਕੀ ਹੈ?

### ਲੰਗਰ ਦੀ ਪਰਿਭਾਸ਼ਾ ਕੀ ਹੈ?

ਲੰਗਰ ਇਕ ਕਮਿਊਨਿਟੀ ਰਸੋਈ ਨੂੰ ਵਿਕਸਤ ਕਰਨ ਦੀ ਇਕ ਪ੍ਰਣਾਲੀ ਨੂੰ ਦਰਸਾਉਂਦਾ ਹੈ, ਜਿੱਥੇ ਲੋਕ ਆਪਣੀ ਜਾਤ, ਧਰਮ ਅਤੇ ਸਮਾਜਿਕ ਰੁਤਬੇ ਦੀ ਪਰਵਾਹ ਕੀਤੇ ਬਿਨਾਂ ਫਰਸ਼ 'ਤੇ ਇਕੱਠੇ ਬੈਠ ਕੇ ਭੋਜਨ ਕਰਦੇ ਹਨ। ਲੰਗਰ ਦੀ ਸੰਸਥਾ ਸਿੱਖ ਧਰਮ ਦੀਆਂ ਤਿੰਨ ਸਿੱਖਿਆਵਾਂ ਵਿਚ ਆਪਣੀਆਂ ਜੜ੍ਹਾਂ ਲੱਭਦੀ ਹੈ- 'ਕਿਰਤ ਕਰੋ, ਨਾਮ ਜਪੋ, ਵੰਡ ਛਕੋ: (ਕੰਮ ਕਰੋ, ਅਰਦਾਸ ਕਰੋ ਅਤੇ ਜੋ ਕੁਝ ਤੁਸੀਂ ਕਮਾਉਂਦੇ ਹੋ, ਦੂਜਿਆਂ ਨਾਲ ਸਾਂਝਾ ਕਰੋ) ਅਤੇ 'ਸੰਗਤ ਅਤੇ ਪੰਗਤ' (ਸੰਗਤ ਅਤੇ ਪੰਗਤ 'ਤੇ ਕਤਾਰਾਂ ਵਿਚ ਬੈਠ ਕੇ ਖਾਓ) 'ਲੰਗਰ' ਸ਼ਬਦ ਫਾਰਸੀ ਭਾਸ਼ਾ ਦਾ ਸ਼ਬਦ ਹੈ। ਸਭ ਤੋਂ ਪਹਿਲਾਂ ਇਸ ਸ਼ਬਦ ਦੀ ਵਰਤੋਂ ਫਾਰਸੀ ਭਾਸ਼ਾ 'ਚ ਹੋਈ ਹੈ ਅਤੇ ਇਸਦੇ ਅਰਥ ਹਨ ਕਿ ਇਕ ਜਨਤਕ ਭੋਜਨ ਸਥਾਨ, ਜਿੱਥੇ ਲੋਕਾਂ, ਖਾਸ ਕਰਕੇ ਲੋੜਵੰਦਾਂ ਨੂੰ ਭੋਜਨ ਦਿੱਤਾ ਜਾਂਦਾ ਹੈ। ਇਸ ਦੀ ਉਦਾਹਰਣ, ਚੀਨੀ ਬੋਧੀ ਯਾਤਰੀ ਆਈ ਚਿੰਗ (7ਵੀਂ ਸਦੀ ਈਸਵੀ) ਨੇ ਅਜਿਹੇ ਵਲੰਟੀਅਰਾਂ ਦੁਆਰਾ ਚਲਾਏ ਜਾਣ ਵਾਲੇ ਮੱਠਾਂ ਬਾਰੇ ਲਿਖਿਆ, ਲੰਗਰ ਦੀ ਸੰਸਥਾ ਫਰੀਦੁਦੀਨ ਗੰਜਸ਼ਕਰ, ਤੇਰਵੀਂ ਸਦੀ ਦੌਰਾਨ ਪੰਜਾਬ ਖੇਤਰ ਵਿਚ ਰਹਿਣ ਵਾਲੇ ਇਕ ਸੂਫ਼ੀ ਮੁਸਲਮਾਨ ਸੰਤ ਤੋਂ ਉਭਰੀ। ਇਹ ਧਾਰਨਾ ਹੋਰ ਫੈਲ ਗਈ ਅਤੇ 1623 ਈਸਵੀ ਵਿਚ ਸੰਕਲਿਤ 'ਜਵਾਹਰ ਅਲ-ਫਰੀਦੀ' ਵਿਚ ਦਸਤਾਵੇਜ਼ੀ ਰੂਪ ਵਿਚ ਦਰਜ ਹੈ।



### ਗੁਰੂ ਨਾਨਕ ਦੇਵ ਜੀ ਅਤੇ ਲੰਗਰ ਦਾ ਕੀ ਸਬੰਧ ਹੈ?

ਕਿਹਾ ਜਾਂਦਾ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਅਜੇ 18 ਸਾਲ ਦੀ ਛੋਟੀ ਉਮਰ ਦੇ ਬਾਲਕ ਹੀ ਸਨ ਤਾਂ ਉਹਨਾਂ ਦੇ ਪਿਤਾ ਜੀ ਨੇ ਉਹਨਾਂ ਨੂੰ 20 ਰੁਪਏ ਦਿੱਤੇ ਅਤੇ ਉਹਨਾਂ ਨੂੰ ਸਮਾਨ ਖਰੀਦਣ ਤੇ ਉਸ ਨੂੰ ਵੇਚ ਕੇ ਕੁਝ ਲਾਭ ਕਮਾਉਣ ਲਈ ਭੇਜਿਆ ਗਿਆ। ਭਾਈ ਮਰਦਾਨਾ ਜੀ ਵੀ ਉਨ੍ਹਾਂ ਦੇ ਨਾਲ ਸਨ। ਉਹਨਾਂ ਨੂੰ ਰਸਤੇ 'ਚ ਚੂੜ੍ਹ-ਖਾਨੇ ਵਿਚ ਕੁਝ ਭੁੱਖੇ ਸਾਧੂ ਮਿਲੇ। ਉਹਨਾਂ ਨੇ ਇਹਨਾਂ 20 ਰੁਪਈਆਂ ਨੂੰ ਭੁੱਖੇ ਸਾਧੂਆਂ ਨੂੰ ਭੋਜਨ ਖੁਆਉਣ 'ਤੇ ਖਰਚ ਕਰ ਦਿੱਤੇ। ਗੁਰੂ ਜੀ ਨੇ ਉਹਨਾਂ ਨੂੰ ਫਰਸ਼ 'ਤੇ ਬਿਠਾਇਆ ਅਤੇ ਆਪਣੇ ਹੱਥਾਂ ਨਾਲ ਭੋਜਨ ਪਰੋਸਿਆ। ਜਦੋਂ ਉਹ ਘਰ ਪਰਤੇ ਤਾਂ ਉਹਨਾਂ ਦੇ ਪਿਤਾ ਜੀ ਨੂੰ ਗੁੱਸਾ ਆਇਆ ਕਿਉਂਕਿ ਉਹ ਖਾਲੀ ਹੱਥ ਪਰਤੇ ਸਨ। ਪਰ ਬਾਬਾ ਨਾਨਕ ਜੀ ਨੇ ਕਿਹਾ ਉਨ੍ਹਾਂ ਨੇ ਭੁੱਖੇ ਬੰਦਿਆਂ ਨੂੰ ਭੋਜਨ ਦੇ ਕੇ ਇਕ 'ਸੱਚਾ ਸੌਦਾ' ਕੀਤਾ ਹੈ, ਜਿਸ ਨੂੰ ਉਹਨਾਂ ਨੇ ਕਿਹਾ ਕਿ ਇਹ ਉਹਨਾਂ ਲਈ ਸਭ ਤੋਂ ਲਾਭਦਾਇਕ ਸੌਦਾ ਸੀ। ਵਰਤਮਾਨ ਵਿਚ, ਗੁਰਦੁਆਰਾ ਸੱਚਾ ਸੌਦਾ ਪਾਕਿਸਤਾਨ ਦੇ ਸ਼ੇਖੂਪੁਰਾ ਜ਼ਿਲ੍ਹੇ ਵਿਚ ਫਾਰੂਕਾਬਾਦ ਵਿਖੇ ਸਥਿਤ ਹੈ, ਜਿੱਥੇ ਇਹ ਮੰਨਿਆ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਉਹਨਾਂ ਸਾਧੂਆਂ ਨੂੰ ਭੋਜਨ ਦਿੱਤਾ ਸੀ।

ਆਪਣੇ ਜੀਵਨ ਵਿਚ ਬਾਅਦ ਵਿਚ ਗੁਰੂ ਨਾਨਕ ਦੇਵ ਜੀ ਨੇ ਆਪਣੇ ਅੰਤਿਮ ਆਰਾਮ ਸਥਾਨ ਕਰਤਾਰਪੁਰ ਸਾਹਿਬ ਵਿਖੇ ਲੰਗਰ ਦੀ ਪ੍ਰਥਾ ਨੂੰ ਹੋਰ ਪ੍ਰਬੱਲ ਕੀਤਾ, ਜਿੱਥੇ ਉਹਨਾਂ ਨੇ ਪ੍ਰਾਰਥਨਾ ਲਈ ਇਕ ਧਰਮਸ਼ਾਲਾ ਦੀ ਸਥਾਪਨਾ ਕੀਤੀ ਸੀ ਅਤੇ ਹਰੇਕ ਨੂੰ ਬਿਨਾਂ ਕਿਸੇ ਭੇਦਭਾਵ ਦੇ ਭੋਜਨ ਪਰੋਸਿਆ ਜਾਂਦਾ ਸੀ।

### ਦੂਸਰੇ ਗੁਰੂ ਸਾਹਿਬਾਨ ਨੇ ਇਸ ਪ੍ਰੰਪਰਾ 'ਚ ਕਿਵੇਂ ਯੋਗਦਾਨ ਪਾਇਆ:

ਮਾਤਾ ਖੀਵੀ ਜੀ (1506-1582), ਦੂਜੇ ਸਿੱਖ ਗੁਰੂ, ਗੁਰੂ ਅੰਗਦ ਦੇਵ ਜੀ ਦੀ ਪਤਨੀ, ਖਡੂਰ ਸਾਹਿਬ ਵਿਖੇ ਰੋਜ਼ਾਨਾ ਦੇ ਆਧਾਰ 'ਤੇ ਨਿੱਜੀ ਤੌਰ 'ਤੇ ਲੰਗਰ ਪਕਾਉਂਦੇ ਅਤੇ ਵਰਤਾਉਂਦੇ ਸਨ ਅਤੇ ਅੱਜ ਉਨ੍ਹਾਂ ਦੇ ਨਾਂ 'ਤੇ ਇਕ ਵਿਸ਼ਾਲ ਲੰਗ ਹਾਲ ਸਥਾਪਤ ਹੈ। ਉਹਨਾਂ ਦੀਆਂ ਸੇਵਾਵਾਂ ਅਤੇ ਸਮਰਪਣ ਲਈ 'ਸ੍ਰੀ ਗੁਰੂ ਗ੍ਰੰਥ ਸਾਹਿਬ' 'ਚ ਉਹਨਾਂ ਦੀ ਬਹੁਤ ਪ੍ਰਸੰਸਾ ਕੀਤੀ ਗਈ ਹੈ।

ਤੀਸਰੇ ਗੁਰੂ ਅਮਰਦਾਸ ਜੀ ਨੇ ਵੀ 'ਸੰਗਤ ਔਰ ਪੰਗਤ'ਦੀ ਬੜੀ ਸ਼ਰਧਾ ਨਾਲ ਪਾਲਣਾ ਕੀਤੀ ਅਤੇ ਜੋ ਵੀ ਉਨ੍ਹਾਂ ਨੂੰ ਮਿਲਣ ਲਈ ਆਉਂਦਾ ਸੀ, ਉਸ ਨੂੰ ਪਹਿਲਾਂ ਲੰਗਰ ਛਕਾਇਆ ਜਾਂਦਾ ਸੀ। ਕਹਿੰਦੇ ਹਨ ਕਿ ਜਦੋਂ ਬਾਦਸ਼ਾਹ ਅਕਬਰ ਉਨ੍ਹਾਂ ਨੂੰ ਮਿਲਣ ਲਈ ਆਇਆ ਤਾਂ ਗੁਰੂ ਜੀ ਨੇ ਸੁਝਾਅ ਦਿੱਤਾ ਕਿ ਉਹ ਸਭ ਤੋਂ ਪਹਿਲਾਂ ਫਰਸ਼ 'ਤੇ ਬੈਠ ਕੇ ਲੰਗਰ ਛਕਣ, ਜਿਸ ਨੂੰ ਬਾਦਸ਼ਾਹ ਅਕਬਰ ਨੇ ਸਵੀਕਾਰ ਕਰ ਲਿਆ। ਗੁਰੂ ਅਮਰਦਾਸ ਜੀ ਨੇ ਲੰਗਰ ਪ੍ਰਥਾ ਨੂੰ ਇਕ ਪ੍ਰਮੁੱਖ ਸੰਸਥਾ ਵਜੋਂ ਸਥਾਪਤ ਕੀਤਾ ਅਤੇ ਲੋਕਾਂ ਨੂੰ ਉਹਨਾਂ ਦੀ ਜਾਤ ਅਤੇ ਵਰਗ ਦੀ ਪ੍ਰਵਾਹ ਕੀਤੇ ਬਿਨਾਂ ਭੋਜਨ ਕਰਨ ਦੀ ਮੰਗ ਕੀਤੀ। ਉਹਨਾਂ ਨੇ ਲੰਗਰ ਦੀ ਪ੍ਰਥਾ ਨੂੰ ਉਤਸ਼ਾਹਿਤ ਕੀਤਾ ਅਤੇ ਉਹਨਾਂ ਨੂੰ ਮਿਲਣ ਆਉਣ ਵਾਲੇ ਸਾਰੇ ਲੋਕਾਂ ਨੂੰ ਉਹਨਾਂ ਨਾਲ ਗੱਲ ਕਰਨ ਤੋਂ ਪਹਿਲਾਂ ਹੀ ਲੰਗਰ 'ਚ ਹਾਜ਼ਰ ਕਰ ਦਿੱਤਾ। ਠੀਕ ਇਸੇ ਹੀ ਤਰ੍ਹਾਂ ਨਿਰੰਤਰ ਇਹ ਲੰਗਰ ਦੀ ਪ੍ਰਥਾ ਦਸਵੇਂ ਗੁਰੂ ਸਾਹਿਬ ਜੀ ਤੱਕ ਜਾਰੀ ਰਹੀ।

ਗੁਰੂ ਨਾਨਕ ਦੇਵ ਜੀ ਵੱਲੋਂ500 ਸਾਲਾਂ ਤੋਂ ਵੀ ਜ਼ਿਆਦਾ ਸਮੇਂ ਤੋਂ ਪਹਿਲਾਂ ਸ਼ੁਰੂ ਕੀਤਾ ਗਿਆ ਲੰਗਰ ਸਿਰਫ਼ 20 ਰੁਪਏ ਨਾਲ ਕਦੇ ਖਤਮ ਨਹੀਂ ਹੋਇਆ ਅਤੇ ਨਾ ਹੀ ਕਦੀ ਖਤਮ ਹੋਵੇਗਾ, ਜਦੋਂ ਤੱਕ ਸਿੱਖ ਜਿਉਂਦੇ ਹਨ। ਇਸ ਲਈ ਲੰਗਰ ਹਮੇਸ਼ਾ ਚਲਦਾ ਰਹੇਗਾ।

ਹਰ ਪਾਸਿਉਂ ਲੰਗਰ ਲਈ ਪੈਸੇ ਅਤੇ ਪ੍ਰਬੰਧ ਆਪਣੇ ਆਪ ਆ ਜਾਂਦੇ ਹਨ। ਦੁਰਲੱਭ ਮੌਕੇ 'ਤੇ ਗੁਰਦੁਆਰੇ ਲੰਗਰ ਸਹਾਇਤਾ ਲਈ ਇਕ ਅਪੀਲ ਕਰਦੇ ਹਨ, ਇਹ ਸਿੱਖ ਭਾਈਚਾਰੇ ਦੁਆਰਾ ਭਾਰੀ ਮਾਤਰਾ 'ਚ ਪ੍ਰਦਾਨ ਕੀਤਾ ਜਾਂਦਾ ਹੈ। ਕਈ ਵਾਰ ਪ੍ਰਬੰਧ ਇੰਨੀ ਵੱਡੀ ਮਾਤਰਾ ਵਿਚ ਆਉਂਦੇ ਹਨ ਕਿ ਉਹਨਾਂ ਨੂੰ ਸਟੋਰ ਕਰਨ ਲਈ ਕੋਈ ਥਾਂ ਨਹੀਂ ਹੁੰਦੀ ਹੈ ਅਤੇ ਗੁਰਦੁਆਰਿਆਂ ਨੂੰ ਬਿਨਾਂ ਪਕਾ ਕੇ ਰਾਸ਼ਨ (ਕਰਿਆਨੇ) ਵੰਡਣ ਲਈ ਮਜਬੂਰ ਕੀਤਾ ਜਾਂਦਾ ਹੈ ਜੋ ਇਸ ਨੂੰ ਮੁਫ਼ਤ ਵਿਚ ਚਾਹੁੰਦਾ ਹੈ।

ਇੱਥੇ ਇਕ ਸਿੱਖ ਪ੍ਰੰਪਰਾ ਹੈ, ਜਿਸ ਨੂੰ 'ਦਸਵੰਧ' ਕਿਹਾ ਜਾਂਦਾ ਹੈ। ਸਿੱਖਾਂ ਨੂੰ ਆਪਣੀ ਆਮਦਨ ਦਾ 10 ਫੀਸਦੀ ਚੈਰੀਟੇਬਲ ਕੰਮਾਂ ਲਈ ਦਾਨ ਕਰਨਾ ਚਾਹੀਦਾ ਹੈ। ਦਸਵੰਧ ਦਾ ਇਕ ਹਿੱਸਾ ਲੰਗਰ ਵਿਚ ਵੀ ਜਾਂਦਾ ਹੈ। ਇਹ 'ਦਸਵੰਧ' ਪੈਸਾ ਲੰਗਰ ਨੂੰ ਚਲਦਾ ਰੱਖਣ ਵਿਚ ਮੁੱਖ ਭੂਮਿਕਾ ਨਿਭਾਉਂਦਾ ਹੈ। ਇਹ ਲੰਗਰ ਜਾਂ ਗੁਰਦੁਆਰੇ ਤੱਕ ਸੀਮਤ ਨਹੀਂ ਹੈ। ਇਹ ਇਸ ਤੋਂ ਬਹੁਤ ਦੂਰ ਜਾਂਦਾ ਹੈ, ਜੇਕਰ ਕੋਈ ਕੁਦਰਤੀ ਆਫਤ ਜਾਂ ਕਮਿਊਨਿਟੀ ਐਮਰਜੈਂਸੀ ਹੋਵੇ ਤਾਂ ਸਿੱਖ ਕਿਸੇ ਵੀ ਭਾਈਚਾਰੇ ਤੱਕ ਪਹੁੰਚ ਕਰਦੇ ਹਨ। ਜਿਵੇਂ ਕਿ ਉਹਨਾਂ ਨੇ ਅਜੇ ਥੋੜ੍ਹੀ ਦੇਰ ਪਹਿਲਾਂ ਹੀ ਆਸਟ੍ਰੇਲੀਆ 'ਚ ਉਹਨਾਂ ਲੋਕਾਂ ਦੀ ਭੋਜਨ ਦਾ ਲੰਗਰ ਲਾ ਕੇ ਸੇਵਾ ਕੀਤੀ ਜੋ ਉਸ ਅੱਗ ਨੂੰ ਰੋਕਣ ਦੀ ਕੋਸ਼ਿਸ਼ ਕਰ ਰਹੇ ਸਨ ਤਾਂ ਜੋ ਉਹ ਭਿਆਨਕ ਅੱਗ ਹੋਰ ਅੱਗੇ ਵੱਧ ਕੇ ਜਾਨਵਰਾਂ ਅਤੇ ਜੀਵਾਂ ਦਾ ਨੁਕਸਾਨ ਨਾ ਕਰ ਸਕੇ। ਉਹ ਕੁਦਰਤੀ ਆਫਤਾਂ ਸਾਹਮਣੇ ਡਟ ਕੇ ਖਲੋ ਜਾਂਦੇ ਹਨ ਤੇ ਪ੍ਰਭਾਵਿਤ ਲੋਕਾਂ ਦੀ ਪੈਸੇ, ਕੰਬਲ ਤੇ ਦਵਾਈਆਂ ਆਦਿ ਨਾਲ ਸਭ ਤਰ੍ਹਾਂ ਦੇ ਭਾਈਚਾਰਿਆਂ ਤੱਕ ਪਹੁੰਚ ਕਰਦੇ ਹਨ।

ਜਦੋਂ ਕੋਈ ਸਿੱਖ ਸ਼ਰਧਾਲੂ ਗੁਰਦੁਆਰੇ ਜਾਂਦਾ ਹੈ ਤਾਂ ਉਹ ਲਗਭਗ ਕਦੇ ਖਾਲੀ ਹੱਥ ਨਹੀਂ ਜਾਂਦਾ। ਸਿੱਖ ਪ੍ਰੰਪਰਾ ਅਨੁਸਾਰ ਉਹ (ਬੱਚਿਆਂ ਸਮੇਤ) ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ ਸਮੇਂ ਅਤੇ ਲੈਣ ਤੋਂ ਪਹਿਲਾਂ ਲਗਭਗ ਹਮੇਸ਼ਾ ਕੁਝ ਰਕਮ ਗੁਰੂ ਦੀ ਗੋਲਕ (ਪੰਥਕ ਹਿੱਤਾਂ ਅਤੇ ਲੰਗਰ ਲਈ ਗੁਰੂ ਦੇ ਨਾਮ 'ਤੇ ਰੱਖੇ ਦਾਨ ਬਾਕਸ/ਗੋਲਕ) ਵਿਚ ਪਾ ਕੇ ਦਾਨ ਕਰਦਾ ਹੈ। ਇਹ ਉਹ ਰਕਮ ਨਿਸ਼ਚਿਤ ਨਹੀਂ ਹੁੰਦੀ ਅਤੇ ਇਹ ਕਿੰਨੀ ਵੀ ਰਕਮ ਹੋ ਸਕਦੀ ਹੈ, ਜਿਸ ਨੂੰ ਦਾਨ ਕਰਨ ਵਿਚ ਆਰਾਮ ਮਹਿਸੂਸ ਕਰਦਾ ਹੈ। ਇਹ ਕੋਈ ਘੱਟੋ-ਘੱਟ ਨਹੀਂ ਹੈ ਅਤੇ ਇਹ ਲਾਜ਼ਮੀ ਵੀ ਨਹੀਂ ਹੈ ਅਤੇ ਇਸ ਲਈ ਤੁਹਾਨੂੰ ਕੋਈ ਪੁੱਛੇਗਾ ਵੀ ਨਹੀਂ ਕਿ ਤੁਸੀਂ ਗੋਲਕ 'ਚ ਕਿੰਨੀ ਰਕਮ ਪਾਈ ਹੈ। ਪੱਛਮ ਦੇ ਬਹੁਤੇ ਗੁਰਦੁਆਰੇ ਟੈਕਸ ਮੁਕਤ (ਗੈਰ ਮੁਨਾਫ਼ਾ) ਹਨ। ਜੇਕਰ ਤੁਸੀਂ ਕਿਸੇ ਵੀ ਉਦੇਸ਼ ਲਈ ਵੱਡਾ ਦਾਨ ਦੇਣਾ ਚਾਹੁੰਦੇ ਹੋ ਤਾਂ ਕੈਸ਼ੀਅਰ ਉਥੇ ਮੌਜੂਦ ਹੁੰਦਾ ਹੈ ਜੋ ਦਾਨ ਨੂੰ ਸਵੀਕਾਰ ਕਰੇਗਾ ਅਤੇ ਤੁਰੰਤ ਤੁਹਾਨੂੰ ਰਸੀਦ ਦੇਵੇਗਾ।

ਪੁਰਾਣੇ ਸਮਿਆਂ ਵਿਚ ਜਦੋਂ ਪਿੰਡਾਂ ਦੀਆਂ ਔਰਤਾਂ ਪਿੰਡਾਂ ਦੇ ਗੁਰਦੁਆਰੇ ਵਿਚ ਜਾਂਦੀਆਂ ਸਨ ਤਾਂ ਉਹ ਥੋੜ੍ਹਾ ਜਿਹਾ ਅਨਾਜ, ਗੁੜ, ਦਾਲਾਂ, ਦੁੱਧ ਜਾਂ ਹੋਰ ਖਾਣ-ਪੀਣ ਦਾ ਸਮਾਨ ਲੈ ਕੇ ਨਜ਼ਦੀਕੀ ਥਾਂ ਲੰਗਰ ਲਈ ਦਾਨ ਵਜੋਂ ਵਰਤਦੀਆਂ ਸਨ। ਇਹ ਪ੍ਰੰਪਰਾ ਅੱਜ ਤੱਕ ਜਾਰੀ ਹੈ। ਹੁਣ ਇਹ ਕਰਿਆਨੇ ਦੇ ਬੈਗ, ਦੁੱਧ ਦੇ ਡੱਬੇ, ਮਠਿਆਈਆਂ ਜਾਂ ਕੁਝ ਹੋਰ ਖਾਣ-ਪੀਣ ਦੀਆਂ ਚੀਜ਼ਾਂ ਦੇ ਰੂਪ ਵਿਚ ਹੋ ਸਕਦਾ ਹੈ। ਇਸ ਲਈ ਲੰਗਰ ਸੰਸਥਾ ਸਵੈ-ਨਿਰਭਰ ਹੈ।

ਜੇਕਰ ਤੁਹਾਨੂੰ ਕਦੇ ਵੀ ਪੰਜਾਬ ਵਿਚ ਖਡੂਰ ਸਾਹਿਬ ਗੁਰਦੁਆਰੇ ਜਾਣ ਦਾ ਮੌਕਾ ਮਿਲਦਾ ਹੈ, ਤਾਂ ਤੁਸੀਂ ਨੇੜਲੇ ਪਿੰਡਾਂ (ਲਗਭਗ 30) ਦੀ ਇਕ ਲੰਬੀ ਸੂਚੀ ਦੇਖੋਗੇ ਜੋ ਲੰਗਰ ਲਈ ਰੋਜ਼ਾਨਾ ਤਾਜ਼ਾ ਦੁੱਧ ਭੇਜਣ ਲਈ ਸਵੈ-ਇਛੁੱਕ ਹਨ। ਖਡੂਰ ਸਾਹਿਬ ਦਾ ਲੰਗਰ ਬੜਾ ਪ੍ਰਸਿੱਧ ਹੈ। ਪਿੰਡਾਂ ਦੇ 31 ਗਰੁੱਪ ਹਨ ਜੋ ਖਡੂਰ ਸਾਹਿਬ ਵਿਖੇ ਲਗਾਤਾਰ ਲੰਗਰ ਮੁਹੱਈਆ ਕਰਵਾਉਂਦੇ ਹਨ। ਇਸ ਤੋਂ ਇਲਾਵਾ ਹਜ਼ਾਰਾਂ ਸ਼ਰਧਾਲੂ (ਸਿੱਖ ਅਤੇ ਗੈਰ ਸਿੱਖ) ਰੋਜ਼ਾਨਾ ਉਸ ਇਤਿਹਾਸਕ ਸਥਾਨ 'ਤੇ ਨਤਮਸਤਕ ਹੁੰਦੇ ਹਨ, ਜਿੱਥੇ ਉਹ ਲੰਗਰ ਦਾ ਆਨੰਦ ਮਾਣਦੇ ਹਨ ਅਤੇ ਮਹੱਤਵਪੂਰਨ ਰਕਮ ਵੀ ਦਾਨ ਕਰਦੇ ਹਨ।

ਇਸੇ ਹੀ ਤਰ੍ਹਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਹਜ਼ਾਰਾਂ ਦੀ ਗਿਣਤੀ 'ਚ ਸਭ ਵਰਗਾਂ ਦੇ ਹਜ਼ਾਰਾਂ ਹੀ ਸ਼ਰਧਾਲੂ ਨਤਮਸਤਕ ਹੁੰਦੇ ਹਨ, ਗੋਲਕ 'ਚ ਦਾਨ ਵੀ ਪਾਉਂਦੇ ਹਨ ਤੇ ਰੋਜ਼ਾਨਾ ਇਕ ਲੱਖ ਦੇ ਕਰੀਬ ਲੰਗਰ ਦਾ ਆਨੰਦ ਵੀ ਮਾਣਦੇ ਹਨ। ਖਾਸ ਇਤਿਹਾਸਕ ਮੌਕਿਆਂ 'ਤੇ ਲੱਖਾਂ ਦੀ ਗਿਣਤੀ 'ਚ ਸ਼ਰਧਾਲੂ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਉਂਦੇ ਹਨ ਤੇ ਮੱਥਾ ਟੇਕਣ ਉਪਰੰਤ ਲੰਗਰ ਛਕਦੇ ਹਨ।

ਪੂਰੇ ਪੰਜਾਬ ਅਤੇ ਹੋਰ ਖੇਤਰਾਂ ਵਿਚ ਸ਼ਰਧਾਲੂਆਂ ਤੋਂ ਅਨਾਜ ਅਤੇ ਖਾਣ-ਪੀਣ ਦੀਆਂ ਵਸਤਾਂ ਦੇ ਭਰੇ ਟਰੱਕ ਨਿਯਮਿਤ ਤੌਰ 'ਤੇ ਇਕੱਠੇ ਕੀਤੇ ਜਾਂਦੇ ਹਨ ਅਤੇ ਤਖਤ ਸ੍ਰੀ ਪਟਨਾ ਸਾਹਿਬ ਅਤੇ ਤਖਤ ਸ੍ਰੀ ਹਜ਼ੂਰ ਸਾਹਿਬ ਸਮੇਤ ਨੰਦੇੜ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਤੱਕ ਪਹੁੰਚ ਜਾਂਦੇ ਹਨ।

2001 ਵਿਚ, ਭਾਰਤ ਵਿਚ ਗੁਜਰਾਤ ਰਾਜ ਵਿਚ ਭੁਜ ਵਿਚ ਇਕ ਵੱਡਾ ਭੁਚਾਲ ਆਇਆ ਸੀ। ਇਸ ਆਫਤ ਵਿਚ ਇਕ ਵੱਡੇ ਗੁਰਦੁਆਰਾ ਸਾਹਿਬ ਨੂੰ ਵੀ ਨੁਕਸਾਨ ਪਹੁੰਚਾਇਆ ਸੀ, ਪਰ ਸਿੱਖ ਅਜੇ ਵੀ ਲੰਗਰ ਪਕਾਉਣ ਅਤੇ ਉਨ੍ਹਾਂ ਇਲਾਕਿਆਂ 'ਚ ਵੰਡਣ ਦੇ ਯੋਗ ਸਨ, ਜਿੱਥੇ ਪਹੁੰਚਣੀ ਮੁਸ਼ਕਿਲ ਸੀ। ਉਨ੍ਹਾਂ ਨੇ ਲੋਕਾਂ ਨੂੰ ਭੋਜਨ ਦਿੱਤਾ ਅਤੇ ਸਰਕਾਰੀ ਏਜੰਸੀਆਂ ਦੇ ਉਥੇ ਪਹੁੰਚਣ ਤੋਂ ਪਹਿਲਾਂ ਹੀ ਉਨ੍ਹਾਂ ਨੇ ਬਹੁਤ ਕੁਝ ਕੀਤਾ (ਲਗਭਗ 5-10 ਦਿਨਾਂ ਬਾਅਦ ਬਿਨਾਂ ਕਿਸੇ ਮਦਦ ਦੇ)। ਹਾਲਾਂਕਿ ਕੁਝ ਗੁਰਦੁਆਰਿਆਂ ਵਿਚ ਲੰਗਰ ਦੀ ਬਿਹਤਰ ਜਾਂ ਵੱਡੀ ਸਹੂਲਤ ਹੋ ਸਕਦੀ ਹੈ, ਪਰ ਛੋਟੇ ਜਾਂ ਵੱਡੇ ਗੁਰਦੁਆਰਿਆਂ ਵਿਚ ਭੋਜਨ ਦੀ ਗੁਣਵੱਤਾ ਅਤੇ ਜਿਸ ਭਾਵਨਾ ਨਾਲ ਸੇਵਾ ਕੀਤੀ ਜਾਂਦੀ ਹੈ, ਵਿਚ ਕੋਈ ਅੰਤਰ ਨਹੀਂ ਹੈ। ਇਸ ਲਈ ਇਹ ਕਾਫੀ ਇਕਸਾਰ ਹੈ।

ਕੁਝ ਦੇਸ਼ਾਂ 'ਚ ਸਵਾਦ ਦੀ ਤਰਜੀਹ ਅਤੇ ਭੋਜਨ ਦੀ ਕਿਸਮ ਦੀ ਉਪਲਬਧਤਾ ਦੇ ਆਧਾਰ 'ਤੇ ਉਹਨਾਂ ਦਾ ਸਥਾਨਕ ਭੋਜਨ ਸੁਆਦ ਹੋ ਸਕਦਾ ਹੈ ਪਰ ਇਹ ਹਮੇਸ਼ਾ ਸ਼ਾਕਾਹਾਰੀ ਹੁੰਦਾ ਹੈ। ਕਿਸੇ ਵਿਸ਼ੇਸ਼ ਭੂਗੋਲਿਕ ਸਥਿਤੀ ਵਿਚ ਸਿੱਖ ਆਬਾਦੀ ਦੀ ਇਕਸਾਰਤਾ ਅਤੇ ਉਹਨਾਂ ਦੀ ਅਧਿਆਤਮਕ ਲੋੜਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਕ ਡੂੰਘੇ ਅਧਿਐਨ ਤੋਂ ਬਾਅਦ ਇਕ ਗੁਰਦੁਆਰਾ ਸਥਾਪਤ ਕੀਤਾ ਜਾਂਦਾ ਹੈ। ਮੈਂ ਕਈ ਛੋਟੇ ਗੁਰਦੁਆਰਿਆਂ ਨੂੰ ਵੱਡੇ ਗੁਰਦੁਆਰਿਆਂ ਨਾਲੋਂ ਵੀ ਵਧੀਆ ਲੰਗਰ ਵਰਤਦੇ ਦੇਖਿਆ ਹੈ।

ਕਿਸੇ ਇਕੱਲੇ ਸਿੱਖ ਪਰਿਵਾਰ ਵੱਲੋਂ ਗੁਰਦੁਆਰੇ ਵਿਚ ਕਿਸੇ ਖਾਸ ਦਿਨ ਹਜ਼ਾਰਾਂ ਲੋਕਾਂ ਲਈ ਲੰਗਰ ਦੀ ਮੇਜ਼ਬਾਨੀ ਕਰਨਾ ਕੋਈ ਆਮ ਗੱਲ ਨਹੀਂ ਹੈ। ਇਹ ਹਰ ਵੇਲੇ ਵਾਪਰਦਾ ਹੈ। ਕੁਝ ਵਿਅਕਤੀ ਜਾਂ ਪਰਿਵਾਰ ਕਿਸੇ ਖਾਸ ਦਿਨ (ਚਾਹ, ਜਲੇਬੀਆਂ, ਮਠਿਆਈ, ਪਕੌੜੇ, ਛੋਲੇ ਭਟੂਰੇ, ਪੀਜ਼ਾ ਸਨੈਕਸ, ਫਲ, ਜੂਸ ਆਦਿ) ਲਈ ਇਕ ਖਾਸ ਚੀਜ਼ ਪ੍ਰਦਾਨ ਕਰਨ ਦੀ ਜ਼ਿੰਮੇਵਾਰੀ ਲੈਂਦੇ ਹਨ। ਯੂਬਾ ਸਿਟੀ ਕੈਲੇਫੋਰਨੀਆ ਵਰਗੀਆਂ ਥਾਵਾਂ 'ਤੇ ਤੁਸੀਂ ਸਿੱਖ ਕਿਸਾਨਾਂ ਤੇ ਟਰਾਂਸਪੋਰਟਰਾਂ ਨੂੰ ਇਕ ਲੱਖ ਤੋਂ ਵੱਧ ਸ਼ਰਧਾਲੂਆਂ ਨੂੰ ਭੋਜਨ ਦੇਣ ਲਈ ਟਰੱਕਾਂ ਰਾਹੀਂ ਫਲ ਅਤੇ ਜੂਸ ਸਪਲਾਈ ਕਰਦੇ ਦੇਖੋਗੇ ਅਤੇ ਤੁਸੀਂ ਸਿੱਖ



ਪ੍ਰੋ: ਐਚ.ਐਲ.ਕਪੂਰ

ਪਰੇਡ ਦੌਰਾਨ ਲੱਗਭੱਗ ਹਰ 50 ਤੋਂ 100 ਗਜ਼ ਦੀ ਦੂਰੀ 'ਤੇ ਲੰਗਰ ਇਕ ਥਾਂ 'ਤੇ ਨਹੀਂ ਦੇਖੋਗੇ। ਹਰ ਨਵੰਬਰ ਦੇ ਪਹਿਲੇ ਐਤਵਾਰ ਨੂੰ ਇਹ ਦਿਨ ਨਿਸ਼ਚਿਤ ਹੁੰਦਾ ਹੈ। ਇਸ ਦਿਨ ਨੂੰ ਸਿੱਖ ਸੰਗਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਵਜੋਂ ਮਨ-ਾਉਂਦੀ ਹੈ। ਦੁਨੀਆਂ ਦੇ ਕਈ ਦੇਸ਼ਾਂ ਤੋਂ ਸਿੱਖ ਸ਼ਰਧਾਲੂ ਇਸ ਮੇਲੇ ਵਰਗੇ ਦਿਨ 'ਤੇ ਸ਼ਿਰਕਤ ਕਰਦੇ ਹਨ ਤੇ ਲੱਖਾਂ ਦੀ ਗਿਣਤੀ 'ਚ ਇਕੱਠ ਹੁੰਦਾ ਹੈ।

### ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ 'ਤੇ ਗੁਰੂ ਕੇ ਲੰਗਰ ਦੀ ਮਹੱਤਤਾ:

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਲੰਗਰ ਲਈ ਲਗਾਏ ਗਏ ਵੀਹ ਰੁਪਏ ਦੇ ਨਿਵੇਸ਼ ਨੇ ਦੁਨੀਆਂ ਭਰ ਦੇ ਸਿੱਖਾਂ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੇ ਉਪਦੇਸ਼ ਅਨੁਸਾਰ ਲੋੜਵੰਦਾਂ, ਗਰੀਬਾਂ, ਬਿਮਾਰਾਂ ਦੀ ਸੇਵਾ ਕਰਨ ਅਤੇ ਦੂਜਿਆਂ ਨਾਲ ਸਾਂਝ ਪਾਉਣ ਦਾ ਸੰਦੇਸ਼ ਦਿੱਤਾ। ਦੁਨੀਆਂ ਭਰ ਦੇ ਗੁਰਦੁਆਰਿਆਂ 'ਚ ਲੰਗਰ ਲਗਾਏ ਜਾਂਦੇ ਹਨ, ਜਿਹਨਾਂ ਵਿਚੋਂ ਜ਼ਿਆਦਾਤਰ ਬੇਘਰੇ ਆਬਾਦੀ ਦੇ ਮੈਂ-ਬਰਾਂ ਨੂੰ ਆਕਰਸ਼ਿਤ ਕਰਦੇ ਹਨ। ਵਲੰਟੀਅਰ ਇਕੱਠੇ ਹੋਣ ਵਾਲੇ ਸਿੱਖ ਸ਼ਰਧਾਲੂਆਂ ਦੇ ਨਾਲ ਬਿਨਾਂ ਕਿਸੇ ਭੇਦ ਭਾਵ ਲੋਕਾਂ ਨੂੰ ਭੋਜਨ ਦਵਾਈਆਂ ਤੇ ਬਸਤਰ ਆਦਿ ਦਿੰਦੇ ਹਨ। ਲਗਭਗ ਸਾਰੇ ਗੁਰਦੁਆਰੇ ਲੰਗਰ ਚਲਾਉਂਦੇ ਹਨ, ਜਿੱਥੇ ਸਥਾਨਕ ਭਾਈਚਾਰਾ, ਕਈ ਵਾਰ ਸੈਂਕੜੇ ਜਾਂ ਹਜ਼ਾਰਾਂ ਸੈਲਾਨੀ ਸ਼ਾਮਲ ਹੁੰਦੇ ਹਨ, ਇਕ ਸਧਾਰਨ ਸ਼ਾਕਾਹਾਰੀ ਭੋਜਨ ਲਈ ਇਕੱਠੇ ਹੁੰਦੇ ਹਨ। ਕੋਈ ਵੀ ਵਿਅਕਤੀ ਲੰਗਰ 'ਚ ਵਲੰਟੀਅਰ ਕਰ ਸਕਦਾ ਹੈ, ਚਾਹੇ ਉਹ ਸਿੱਖ ਅਨੁਯਾਈ ਹੋਵੇ ਜਾਂ ਨਾ ਹੋਵੇ।

ਭਾਰਤ 'ਚ ਲੰਗਰ ਲਈ ਸਭ ਤੋਂ ਵੱਡੀਆਂ ਰਸੋਈਆਂ 'ਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਜਿੱਥੇ ਰੋਜ਼ਾਨਾ ਲਗਭਗ ਇਕ ਲੱਖ ਲੋਕਾਂ ਨੂੰ ਭੋਜਨ ਛਕਾਇਆ ਜਾਂਦਾ ਹੈ। ਦਿਨ ਵਿਚ ਸ੍ਰੀ ਬੰਗਲਾ ਸਾਹਿਬ ਗੁਰਦੁਆਰਾ ਜਿੱਥੇ ਰੋਜ਼ਾਨਾ ਲਗਭਗ ਪੰਤਾਲੀ ਤੋਂ ਪੰਜਾਹ ਹਜ਼ਾਰ ਵਿਅਕਤੀਆਂ ਨੂੰ ਲੰਗਰ ਵਰਤਾਇਆ ਜਾਂਦਾ ਹੈ। ਭਾਰਤ 'ਚ ਹੋਰ ਵੀ ਸੈਂਕੜਿਆਂ ਦੀ ਤਾਦਾਦ 'ਚ ਗੁਰਦੁਆਰੇ ਹਨ, ਜੋ ਗੁਰੂ ਕੇ ਲੰਗਰ ਦੇ ਉਦੇਸ਼ 'ਤੇ ਮਾਨਵਤਾ ਦੀ ਸੇਵਾ ਹਿਤ ਆਪਣਾ-ਆਪਣਾ ਯੋਗਦਾਨ ਪਾ ਰਹੇ ਹਨ।

ਭਾਰਤ ਤੋਂ ਬਾਹਰ ਦੁਨੀਆਂ ਭਰ ਦੇ ਕਈ ਗਰੀਬ ਦੇਸ਼ਾਂ ਵਿਚ ਭੁੱਖ ਮਿਟਾਉਣ ਲਈ ਖਾਲਸਾ ਏਡ, ਲੰਗਰ ਏਡ, ਮਿਡਲੈਂਡ ਲੰਗਰ ਸੇਵਾ ਸੁਸਾਇਟੀ ਅਤੇ ਹੋਰ ਇਹਨਾਂ ਵਰਗੀਆਂ ਕਈ ਸਿੱਖ ਸੰਸਥਾਵਾਂ ਹੁਣ ਦੂਜੇ ਦੇਸ਼ਾਂ ਵਿਚ ਲੰਗਰ ਸ਼ਾਖਾਵਾਂ ਬਣਾ ਰਹੀਆਂ ਹਨ, ਜਿੱਥੇ ਲੰਗਰ ਦੀ ਵਰਤੋਂ ਕੁਪੋਸ਼ਣ ਵਾਲੇ ਲੋਕਾਂ ਨੂੰ ਪੌਸ਼ਟਿਕ ਭੋਜਨ ਪ੍ਰਦਾਨ ਕਰਨ ਲਈ ਕੀਤੀ ਜਾਂਦੀ ਹੈ। ਅਜਿਹੀ ਹੀ ਇਕ ਸੰਸਥਾ 'ਜ਼ੀਰੋ ਹੰਗਰ ਵਿਦ ਲੰਗਰ' ਹੈ, ਜੋ ਵਿਸ਼ੇਸ਼ ਤੌਰ 'ਤੇ ਦੋ ਅਫ਼ਰੀਕੀ ਦੇਸ਼ਾਂ-ਮਲਾਵੀ ਅਤੇ ਕੀਨੀਆ ਵਿਚ ਕੰਮ ਕਰ ਰਹੀ ਹੈ, ਜੋ ਕਿ ਬੱਚਿਆਂ ਵਿਚ ਸਭ ਤੋਂ ਵੱਧ ਕੁਪੋਸ਼ਣ ਦਰਾਂ ਵਾਲੇ ਦੇਸ਼ਾਂ ਵਿਚ ਸ਼ਾਮਲ ਹਨ ਅਤੇ ਸੰਯੁਕਤ ਰਾਸ਼ਟਰ ਦੀ ਟੀਚਾ ਸੂਚੀ ਵਿਚ ਸ਼ਾਮਲ ਹਨ। ਇਹ ਸੰਸਥਾ ਯੂਕੇ ਸਥਿਤ ਆਪਣੀ ਮੂਲ ਸੰਸਥਾ 'ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ' ਦੇ ਅਧੀਨ ਕੰਮ ਕਰ ਰਹੀ ਹੈ।

ਸੰਯੁਕਤ ਰਾਸ਼ਟਰ ਦਾ ਟੀਚਾ ਹੈ ਕਿ 2030 ਤੱਕ, ਦੁਨੀਆਂ 'ਚੋਂ ਭੁੱਖਮਰੀ ਨੂੰ ਖਤਮ ਕਰਨਾ ਅਤੇ ਸਾਰੇ ਲੋਕਾਂ, ਖਾਸ ਤੌਰ 'ਤੇ ਗਰੀਬ ਅਤੇ ਕਮਜ਼ੋਰ ਸਥਿਤੀਆਂ ਵਾਲੇ ਲੋਕਾਂ ਦੀ ਪਹੁੰਚ ਨੂੰ ਯਕੀਨੀ ਬਣਾਉਣਾ, ਜਿਸ ਵਿਚ ਬੱਚੇ, ਔਰਤਾਂ ਤੇ ਬਜ਼ੁਰਗ ਵੀ ਸ਼ਾਮਲ ਹਨ, ਨੂੰ ਸਾਰਾ ਸਾਲ ਸੁਰੱਖਿਅਤ ਪੌਸ਼ਟਿਕ ਅਤੇ ਲੋੜੀਂਦਾ ਭੋਜਨ ਪ੍ਰਾਪਤ ਕਰਨਾ ਹੈ। ਸਾਨੂੰ ਪੂਰਨ ਆਸਾ ਹੈ ਕਿ ਸਿੱਖ ਜਥੇਬੰਦੀਆਂ ਬਾਬੇ ਨਾਨਕ ਦੀ ਕਿਰਪਾ ਨਾਲ ਇਸੇ ਹੀ ਤਰ੍ਹਾਂ 'ਸੰਯੁਕਤ ਰਾਸ਼ਟਰ' ਨਾਲ ਮੋਢੇ ਨਾਲ ਮੋਢਾ ਜੋੜ ਕੇ 2030 ਤੱਕ 'ਜ਼ੀਰੋ ਹੰਗਰ' ਦੇ ਟੀਚੇ ਨੂੰ ਸਰ ਕਰ ਲੈਣਗੀਆਂ। ਇਸ ਲਈ ਦੁਨੀਆਂ ਭਰ 'ਚੋਂ ਭੁੱਖਮਰੀ ਤੇ ਕੁਪੋਸ਼ਣ ਨੂੰ ਖਤਮ ਕਰਨ ਲਈ ਸਿੱਖ ਜਥੇਬੰਦੀਆਂ ਵੱਲੋਂ 'ਸੰਯੁਕਤ ਰਾਸ਼ਟਰ' ਨੂੰ ਦਿੱਤੇ ਜਾ ਰਹੇ ਸਹਿਯੋਗ ਨੂੰ ਬਾਬੇ ਨਾਨਕ ਜੀ ਦੇ ਮਾਨਵਵਾਦੀ ਫ਼ਲਸਫ਼ੇ ਦਾ ਪ੍ਰਤੀਕ ਕਿਹਾ ਜਾ ਸਕਦਾ ਹੈ। ਦੇਸ਼ਾਂ-ਵਿਦੇਸ਼ਾਂ 'ਚ 'ਗੁਰੂ ਕੇ ਲੰਗਰ' ਨਾਲ 'ਮਾਨਵਤਾ ਦੀ ਸੇਵਾ' ਦੇ ਸਿਧਾਂਤ 'ਤੇ ਕੰਮ ਕਰ ਰਹੀਆਂ ਸੰਸਥਾਵਾਂ ਨੂੰ ਮੇਰੇ ਵੱਲੋਂ ਸ਼ੁਭ ਇੱਛਾਵਾਂ, ਚੜ੍ਹਦੀ ਕਲਾ ਤੇ ਧੰਨਵਾਦ।

# 16 ਫਰਵਰੀ, 2022 ਨੂੰ ਸ਼੍ਰੀ ਗੁਰੂ ਰਵਿਦਾਸ ਜੀ ਦੇ ਪ੍ਰਗਟ ਉਤਸਵ ਸਬੰਧੀ ਵਿਸ਼ੇਸ਼

**ਗੁਰੂ ਰਵਿਦਾਸ ਜੀ ਨੇ ਹਰ ਪ੍ਰਕਾਰ ਦੀ ਗੁਲਾਮੀ ਦੀ ਨਿੰਦਾ ਕੀਤੀ ਅਤੇ ਡਟਵਾਂ ਵਿਰੋਧ ਕੀਤਾ, ਆਪਜੀ ਨੇ ਜਾਤ-ਪਾਤ ਦਾ ਖੰਡਨ ਕਰਕੇ ਉੱਚ ਵਰਗ ਦੇ ਜਾਤੀ ਅਭਿਮਾਨ ਤੇ ਹੰਕਾਰ ਨੂੰ ਸੱਟ ਮਾਰੀ। ਆਪ ਸਮਾਜ ਵਿੱਚੋਂ ਸ਼ੋਸ਼ਣ, ਛੂਆਛਾਤ, ਪਖੰਡਵਾਦ ਦਾ ਖਾਤਮਾ ਕਰਕੇ ਬਰਾਬਰਤਾ ਵਾਲਾ ਸਮਾਜ ਕਾਇਮ ਕਰਨਾ ਚਾਹੁੰਦੇ ਸਨ। ਗੁਰੂ ਰਵਿਦਾਸ ਜੀ ਦਾ ਜਨਮ ਉਤਸੱਵ ਮਨਾਉਣ ਦਾ ਅਸਲੀ ਮੰਤਵ ਪੂਰਾ ਕਰਨ ਲਈ ਸਾਨੂੰ ਉਨ੍ਹਾਂ ਵਲੋਂ ਦਿੱਤੀਆਂ ਸਿੱਖਿਆਵਾਂ ਨੂੰ ਅਪਨਾਕੇ ਸਮਾਜ ਵਿੱਚੋਂ ਪਖੰਡਵਾਦ ਨੂੰ ਦੂਰ ਕਰਕੇ ਦੁਨੀਆਂ ਵਿੱਚ ਬਰਾਬਰਤਾ ਵਾਲਾ ਸਮਾਜ ਉਸਾਰਨਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਵਲੋਂ ਦਰਸਾਇਆ ਬੇਗਮਪੁਰਾ ਦਾ ਸੁਪਨਾ ਪੂਰਾ ਹੋ ਸਕੇ।**



- ਕੁਲਦੀਪ ਚੰਦ ਦੋਭੇਟਾ

ਸਮਾਜ ਵਿੱਚ ਪ੍ਰਚੱਲਿਤ ਸਮਾਜਿਕ ਕੁਰੀਤੀਆਂ ਦਾ ਵਿਰੋਧ ਕਰਨ ਲਈ ਸਮੇਂ ਸਮੇਂ ਤੇ ਮਨੁੱਖਤਾ ਦੇ ਰਹਿਵਰਾਂ ਨੇ ਜਨਮ ਲਿਆ ਹੈ ਇਨ੍ਹਾਂ ਵਿੱਚ ਸ਼੍ਰੀ ਗੁਰੂ ਰਵਿਦਾਸ ਜੀ ਦਾ ਨਾਮ ਵੀ ਸ਼ਾਮਿਲ ਹੈ ਜਿਨ੍ਹਾਂ ਨੇ ਉਸ ਵੇਲੇ ਫੈਲੀ ਉਚ ਨੀਚ, ਜਾਤ-ਪਾਤ, ਕਰਮ ਕਾਂਡ, ਪਖੰਡਵਾਦ, ਧਾਰਮਿਕ ਕੱਟੜਤਾ ਆਦਿ ਖਿਲਾਫ ਅਵਾਜ਼ ਬੁਲੰਦ ਕੀਤੀ। ਉਸ ਵੇਲੇ ਪ੍ਰਚਲਿਤ ਮੰਨੂਵਾਦੀ ਪ੍ਰਥਾ ਅਨੁਸਾਰ ਜਾਤਿ ਪ੍ਰਥਾ ਦੇ ਢਾਂਚੇ ਵਿੱਚ ਚੋਥਾ ਵਰਣ ਮੰਨੇ ਜਾਂਦੇ ਸ਼ੂਦਰਾਂ ਨੂੰ ਕਿਸੇ ਵੀ ਤਰਾਂ ਦੇ ਅਧਿਕਾਰ ਪ੍ਰਾਪਤ ਨਹੀਂ ਸਨ ਅਤੇ ਉਨ੍ਹਾਂ ਨਾਲ ਜਾਨਵਰਾਂ ਤੋਂ ਵੀ ਮਾੜਾ ਸਲੂਕ ਕੀਤਾ ਜਾਂਦਾ ਸੀ। ਕੁੱਝ ਅਖੋਤੀ ਵਿਦਵਾਨ ਲੋਕ ਧਾਰਮਿਕ ਗ੍ਰੰਥਾ ਦੀ ਮਨਘੱੜਤ ਵਿਆਖਿਆ ਕਰਦੇ ਸਨ ਅਤੇ ਇਹ ਗੱਲ ਫੈਲਾਈ ਹੋਈ ਸੀ ਕਿ ਸ਼ੂਦਰਾਂ ਨੂੰ ਨਾਂ ਵੇਦ ਪਾਠ ਪੜ੍ਹਣ ਨਾਂ ਹੀ ਸੁਣਨ ਦੇਣਾ ਚਾਹੀਦਾ ਹੈ। ਇਸ ਕਾਰਨ ਕਿਸੇ ਵੀ ਤਰਾਂ ਦਾ ਧਾਰਮਿਕ ਪਾਠ ਕਰਨ ਵਾਲੇ ਸ਼ੂਦਰਾਂ ਦੀ ਜੀਭ ਕੱਟਣ ਅਤੇ ਵੇਦ ਪਾਠ ਸੁਣਨ ਵਾਲੇ ਸ਼ੂਦਰਾਂ ਦੇ ਕੰਨਾ ਵਿੱਚ ਸਿੱਕਾ ਪਿਘਲਾਕੇ ਪਾਣ ਦੇ ਹੁਕਮ ਲਾਗੂ ਸਨ। ਇਤਿਹਾਸ ਵਿੱਚ ਕਈ ਅਜਿਹੀਆਂ ਘਟਨਾਵਾਂ ਦਾ ਵਰਣਨ ਆਂਦਾ ਹੈ ਜਿਨ੍ਹਾਂ ਅਨੁਸਾਰ ਮੰਨੂ-ਵਾਦੀ ਪ੍ਰਥਾ ਵਿੱਚ ਮੰਨੇ ਜਾਂਦੇ ਚੋਥਾ ਵਰਣ ਸ਼ੂਦਰ ਵਰਗ ਨਾਲ ਸਬੰਧਿਤ ਵਿਅਕਤੀਆਂ ਨੂੰ ਅਜਿਹੇ ਅਧਿਕਾਰਾਂ ਤੋਂ ਬਾਂਝਾਂ ਰੱਖਿਆ ਗਿਆ ਅਤੇ ਅਜਿਹੇ ਅਧਿਕਾਰਾਂ ਦੀ ਵਰਤੋਂ ਕਰਨ ਵਾਲੇ ਵਿਅਕਤੀਆਂ ਨੂੰ ਗੈਰ ਮਨੁੱਖੀ ਸਜਾਵਾਂ ਦਿੱਤੀਆਂ ਗਈਆਂ। ਭਾਰਤ ਦੇ ਮੋਜੂਦਾ ਉੱਤਰ ਪ੍ਰਦੇਸ਼ ਦਾ ਬਨਾਰਸ ਸ਼ਹਿਰ ਇਸ ਮੰਨੂਵਾਦੀ ਪ੍ਰਥਾ ਦਾ ਕੇਂਦਰ ਸੀ ਅਤੇ ਇੱਥੋਂ ਹੀ ਇਸ ਪ੍ਰਥਾ ਖਿਲਾਫ ਮੁਹਿੰਮ ਸੁਰੂ ਹੋਈ ਜਿਸ ਵਿੱਚ ਸਤਿਗੁਰੂ ਕਬੀਰ ਮਹ-ਾਰਾਜ ਅਤੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਦੀ ਮੁੱਖ ਭੂਮਿਕਾ ਰਹੀ ਹੈ। ਸ਼੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਨ, ਜਨਮ ਸਥਾਨ ਅਤੇ ਜੋਤੀ ਜੋਤ ਸਮਾਉਣ ਬਾਰੇ ਵੱਖ ਵੱਖ ਵਿਦਵਾਨਾਂ ਦੇ ਵੱਖ ਵੱਖ ਵਿਚਾਰ ਹਨ। ਬਹੁਤੇ ਵਿਦਵਾਨਾਂ ਅਨੁਸਾਰ ਆਪ ਦਾ ਜਨਮ 1377 ਇਸਵੀ 1433 ਸੰਮਤ ਬਿਕਰਮੀ ਮਾਘ ਪੁਰਣਿਮਾ ਨੂੰ ਪਿਤਾ ਸੰਤੋਖ ਦਾਸ ਤੇ ਮਾਤਾ ਕਲਸਾ ਦੇਵੀ ਦੇ ਘਰ ਬਨਾਰਸ (ਵਾਰਾਨਸੀ) ਦੀ ਬਸਤੀ 'ਸੀਰ ਗੋਵਰਧਨਪੁਰ' ਮੋਜੂਦਾ ਉੱਤਰ ਪ੍ਰਦੇਸ਼ ਵਿੱਚ ਹੋਇਆ। ਗੁਰੂ ਰਵਿਦਾਸ ਚਮਾਰ ਜਾਤਿ ਨਾਲ ਸਬੰਧ ਰੱਖਦੇ ਸਨ ਜੋਕਿ ਅਛੂਤ ਮੰਨੀ ਜਾਂਦੀ ਸੀ। ਵੱਖ ਵੱਖ ਵਿਦਵਾਨਾਂ ਵਲੋਂ ਆਪ ਨੂੰ ਵੱਖ ਵੱਖ ਨਾਵਾਂ ਰਵਿਦਾਸ, ਰੈਦਾਸ, ਰਾਇਦਾਸ, ਰੁਹਿਦਾਸ ਆਦਿ ਨਾਲ ਸੰਬੋਧਨ ਕੀਤਾ ਜਾਂਦਾ ਹੈ। ਕੁੱਝ ਲੋਕ ਗੁਰੂ ਜੀ ਨੂੰ ਸੰਤ, ਭਗਤ ਆਦਿ ਨਾਲ ਸੰਬੋਧਨ ਕਰਦੇ ਹਨ। ਇਸ ਨਾਲ ਹੀ ਗੁਰੂ ਜੀ ਦੀਆਂ ਵੱਖ ਵੱਖ ਤਰ੍ਹਾਂ ਦੀਆਂ ਫੋ-ਟੋਆਂ ਅਤੇ ਸਰੂਪਾਂ ਜਿਨ੍ਹਾਂ ਵਿੱਚ ਕਈਆਂ ਵਿੱਚ ਗੁਰੂ ਜੀ ਨੂੰ ਤਿਲਕਧਾਰੀ, ਕਈਆਂ ਵਿੱਚ ਸਿਰ ਢੱਕਿਆ ਹੋਇਆ ਹੈ, ਕਈਆਂ ਵਿੱਚ ਗੁਰੂ ਜੀ ਦੇ ਬਰਾਬਰ ਅਤੇ ਨਾਲ ਹੋਰ ਕਈ ਸਮਾਜ ਸੁਧਾਰਕਾਂ ਦੀਆਂ ਫੋਟੋਆਂ ਜੋੜੀਆਂ ਗਈਆਂ ਹਨ ਜੋਕਿ ਗੁਰੂ ਰਵਿਦਾਸ ਜੀ ਦੇ ਪੈਰੋਕਾਰਾਂ ਲਈ ਮਾਨਸਿਕ ਪ੍ਰੇਸ਼ਾਨੀ ਦਾ ਕਾਰਨ ਬਣ ਰਿਹਾ ਹੈ। ਗੁਰੂ ਰਵਿਦਾਸ ਨੇ ਆਪਣੇ ਪਿੱਤਰੀ ਅਰਥਾਤ ਬਜ਼ੁਰਗਾਂ ਵਾਲੇ ਕਿੱਤੇ ਨੂੰ ਅਪਨਾਇਆ। ਗੁਰੂ ਜੀ ਨੇ ਆਪ ਆਪਣੀ ਬਾਣੀ ਵਿੱਚ ਇਸ ਸਬੰਧੀ ਜ਼ਿਕਰ ਕੀਤਾ ਹੈ :

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ
ਨਿਤਹਿ ਬਾਨਾਰਸੀ ਆਸ ਪਾਸਾ।।
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸ ਦਾਸਾ।।

ਆਪ ਅਪਣੇ ਹੱਥੀ ਕਿਰਤ ਕਰਦੇ ਅਤੇ ਲੋੜਵੰਦ ਲੋਕਾਂ ਦੀ ਮੱਦਦ ਕਰਦੇ ਅਤੇ ਰੱਬ ਦੀ ਭਗਤੀ ਕਰਦੇ। ਆਪਜੀ ਨੇ ਅਪਣੇ ਸਮਕਾਲੀ ਸੰਤ ਮਹਾਂਪੁਰਖਾਂ ਬਾਰੇ ਵੀ ਅਪਣੀ ਬਾਣੀ ਵਿੱਚ ਡੂੰਘਾ ਵਿਚਾਰ ਵਟਾਂਦਰਾ ਕੀਤਾ ਹੈ।

ਨਾਮਦੇਵ, ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ।।
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ।।

ਗੁਰੂ ਰਵਿਦਾਸ ਅਨੁਸਾਰ ਪ੍ਰਮਾਤਮਾ ਕੋਈ ਰਹੱਸ ਨਹੀਂ ਹੈ ਸਗੋਂ ਪ੍ਰਮਾਤਮਾ ਤਾਂ ਹਰ ਕਣ ਵਿੱਚ ਮੋਜੂਦ ਹੈ। ਆਪ ਨੇ ਪਰਮਾਤਮਾ ਵਿੱਚ ਆਪਣੀ ਹੋਂਦ ਦਾ ਵਰਣਨ ਕਰਦੇ ਹੋਏ ਕਿਹਾ ਹੈ:-

ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ।।
ਕਨਕ ਕਟਿਕ ਜਲ ਤਰੰਗ ਜੈਸਾ।।

ਆਪ ਸਮਾਜ ਵਿੱਚੋਂ ਸ਼ੋਸ਼ਣ, ਛੂਆਛਾਤ, ਪਖੰਡਵਾਦ ਦਾ ਖਾਤਮਾ ਕਰਕੇ ਬਰਾਬਰਤਾ ਵਾਲਾ ਸਮਾਜ ਕਾਇਮ ਕਰਨਾ ਚਾਹੁੰਦੇ ਸਨ। ਆਪ ਨੇ ਆਪਣੀ ਬਾਣੀ ਅਤੇ ਪ੍ਰਵਚਨਾਂ ਦੁਆਰਾ ਪਖੰਡਵਾਦ ਅਤੇ ਉਚ ਨੀਚ ਦੇ ਭੇਦਭਾਵ ਨੂੰ ਦੂਰ ਕਰਨ ਲਈ ਸੁਨੇਹਾ ਦਿੱਤਾ ਹੈ। ਆਪ ਸ਼੍ਰੋਮਣੀ ਵਿਦਵਾਨਾਂ, ਭਗਤਾਂ, ਪੀਰਾਂ-ਪੈਗੰ-ਬਰਾਂ, ਰਿਸ਼ੀਮੁਨੀਆਂ ਵਿੱਚ ਇੱਕ ਉੱਚਕੋਟੀ ਦੀ ਸ਼ਖਸੀਅਤ ਸਨ ਅਤੇ ਆਪ ਦੀ ਬਾਣੀ (40 ਸ਼ਬਦਾਂ ਅਤੇ 01 ਸ਼ਲੋਕ) ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਗੁਰੂ ਸਾਹਿਬਾਨਾਂ ਜੀ ਦੀ ਬਾਣੀ ਨਾਲ ਸ਼ਾਮਿਲ ਕੀਤਾ ਗਿਆ। ਅਗਿਆਨਤਾ ਅਤੇ ਗਰੀਬੀ ਇਸ ਸਮਾਜ ਦੀ ਪਹਿਚਾਣ ਬਣ ਚੁੱਕੀ ਸੀ। ਗੁਰੂ ਜੀ ਨੇ ਸਭ ਨੂੰ ਗਿਆਨਵਾਨ ਹੋਣ ਲਈ ਪ੍ਰੇਰਿਆ:-

ਮਾਧੋ ਅਬਿਦਿਆ ਹਿਤ ਕੀਨ।।
ਬਿਬੇਕ ਦੀਪ ਮਲੀਨ।।

ਗੁਰੂ ਰਵਿਦਾਸ ਕਥਨੀ ਅਤੇ ਕਰਨੀ ਦੇ ਧਨੀ ਸਨ। ਉਨ੍ਹਾਂ ਨੇ ਜਿਹੜਾ ਉਪਦੇਸ਼ ਲੋਕਾਂ ਨੂੰ ਦਿੱਤਾ ਹੈ ਪਹਿਲਾਂ ਉਸਤੇ ਆਪ ਅਮਲ ਕੀਤਾ। ਲੋਕਾਂ ਨੂੰ ਹੱਥੀਂ ਕੰਮ ਕਰਨ ਦੀ ਪ੍ਰੇਰਨਾ ਤਦ ਹੀ ਉਨ੍ਹਾਂ ਨੇ ਦਿੱਤੀ ਸੀ ਜਦੋਂ ਉਨ੍ਹਾਂ ਨੇ ਪਹਿਲਾਂ ਆਪ ਇਸ ਸਿਧਾਂਤ ਉਪਰ ਅਮਲ ਕੀਤਾ ਸੀ। ਆਪ ਨੇ ਇਹ ਗੱਲ ਵੀ ਸਪੱਸ਼ਟ ਕਰ ਦਿੱਤੀ ਸੀ ਕਿ ਭਗਵਾਨ, ਪਰਮਾਤਮਾ, ਈਸ਼ਵਰ, ਅੱਲ੍ਹਾ, ਖ਼ੁਦਾ, ਰਹੀਮ ਆਦਿ ਸਭ ਇੱਕੋਂ ਇਲਾਹੀ ਸ਼ਕਤੀ ਦੇ ਅੱਡ-ਅੱਡ ਨਾਂ ਹਨ ਜਿਸਨੇ ਇਸ ਬ੍ਰਹਿਮੰਡ ਦੀ ਸਿਰਜਣਾ ਕੀਤੀ ਹੈ। ਉਸ ਵੇਲੇ ਕੁੱਝ ਅਖੋਤੀ ਲੋਕਾਂ ਨੇ ਹਰ ਸੰਭਵ ਕੋਸ਼ਿਸ਼ ਦੁਆਰਾ ਗੁਰੂ ਜੀ ਦੇ ਮਿਸ਼ਨ-ਪ੍ਰਚਾਰ ਵਿੱਚ ਰੋਕਾਂ ਪਾਈਆਂ ਪਰ ਹਰ ਵਾਰ ਗੁਰੂ ਜੀ ਦੀ ਜਿੱਤ ਹੋਈ। ਗੁਰੂ ਜੀ ਨੇ ਉਸ ਵੇਲੇ ਸਮਾਜ ਵਿੱਚ ਫੈਲੇ ਜਾਤ-ਪਾਤ ਦੇ ਅੰਧ ਵਿਸ਼ਵਾਸ਼ਾਂ ਨੂੰ ਤੋੜਕੇ ਇੱਕ ਮਹਾਨ ਸਮਾਜ ਸੁਧਾਰਕ ਦਾ ਕੰਮ ਕੀਤਾ ਅਤੇ ਇਸ ਤਰਾਂ ਦੇ ਰਾਜ ਦੀ ਕਲਪਨਾ ਕੀਤੀ ਸੀ:-

ਐਸਾ ਚਾਹੁੰ ਰਾਜ ਮੈਂ ਜਹਾਂ ਮਿਲੇ ਸਭਨ ਕੋ ਅੰਨ,
ਛੋਟ-ਬੜੇ ਸਭ ਸਮ ਵਸੇ ਰਵਿਦਾਸ ਰਹੇ ਪ੍ਰਸੰਨ।

ਸਤਿਗੁਰੂ ਕਬੀਰ ਜੀ ਨੇ ਵੀ ਅਪਣੀ ਬਾਣੀ ਵਿੱਚ ਕਿਹਾ ਹੈ ਕਿ ਗੁਰੂ ਰਵਿਦਾਸ ਜੀ ਹਰੀ ਤੋਂ ਇਲਾਵਾ ਕਿਸੇ ਹੋਰ ਵਿੱਚ ਸ਼ਰਧਾ ਨਹੀਂ ਰੱਖਦੇ ਸਨ:

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ।।
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ।।

ਗੁਰੂ ਅਰਜਨ ਦੇਵ ਜੀ ਨੇ ਵੀ ਸਪੱਸ਼ਟ ਲਿਖਿਆ ਹੈ ਕਿ ਗੁਰੂ ਰਵਿਦਾਸ ਜੀ ਦਾ ਕੋਈ ਵੀ ਦੇਹਧਾਰੀ ਗੁਰੂ ਨਹੀਂ ਸੀ ਅਤੇ ਪ੍ਰਮਾਤਮਾ ਦੀ ਪ੍ਰਾਪਤੀ ਸਤਿਸੰਗ ਵਿੱਚੋਂ ਹੀ ਕੀਤੀ ਹੈ:

ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨੀ ਤਿਆਗੀ ਮਾਇਆ।।
ਪਰਗਟੁ ਹੋਆ ਸਾਧਿਸੰਗ ਹਰਿ ਦਰਸਨੁ ਪਾਇਆ।।

ਗੁਰੂ ਰਵਿਦਾਸ ਨੇ ਦੇਵੀ ਦੇਵਤਿਆਂ ਦਾ ਵੀ ਖੁੱਲਕੇ ਵਿਰੋਧ ਕੀਤਾ ਹੈ ਅਤੇ ਕਿਹਾ ਕਿ ਇਹ ਦੇਵਤੇ ਤਾਂ ਰੱਬ ਦਾ ਨਾਮ ਜਪਣ ਵਾਲੇ ਭਗਤਾਂ ਤੋਂ ਵੀ ਨੀਂਵੇ ਹਨ :-

ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ
ਤਾਸ ਸਮ ਤੁਲਿ ਨਹੀਂ ਆਨਿ ਕੋਊ।।

ਆਪ ਨੇ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਨ ਅਤੇ ਇਸ ਸਬੰਧੀ ਪ੍ਰਚਾਰ ਕਰਨ ਲਈ ਲੱਗਭੱਗ ਸੱਠ ਹਜਾਰ ਕਿਲੋਮੀਟਰ ਪੈਦਲ ਯਾਤਰਾ ਕੀਤੀ ਅਤੇ ਵੱਖ ਵੱਖ ਇਲਾਕਿਆਂ ਵਿੱਚ ਜਾਕੇ ਕੰਮ ਕੀਤਾ ਅਤੇ ਛੇ ਉਦਾ-ਸੀਆਂ ਕੀਤੀਆਂ ਸਨ। ਇਨ੍ਹਾਂ ਉਦਾਸੀਆਂ ਵਿੱਚ ਆਪ ਨਾਲ ਉਸ ਸਮੇਂ ਦੇ ਹੋਰ ਸੰਤ ਵੀ ਸ਼ਾਮਿਲ ਸਨ। ਆਪ ਦੀ ਸ਼ਾਦੀ ਮਿਰਜ਼ਾਪੁਰ ਵਿੱਚ ਰਹਿਣ ਵਾਲੀ ਮਾਤਾ ਲੋਨਾ ਨਾਲ ਕੀਤੀ ਗਈ। ਆਪ ਨੇ ਪੰਜਾਬ, ਰਾਜਾਸਥਾਨ, ਗੁਜਰਾਤ , ਮਹਾਂਰਾਸ਼ਟਰ , ਮੱਧ ਪ੍ਰਦੇਸ਼ , ਉੱਤਰ ਪ੍ਰਦੇਸ਼, ਉਤਰਾਖੰਡ, ਦਿੱਲੀ, ਤਾਮਿਲਨਾਡੂ, ਅਸਾਮ , ਕਰਨਾਟਕਾ, ਜੰਮੂ ਕਸ਼ਮੀਰ, ਆਂਧਰਾ ਪ੍ਰਦੇਸ਼ ਆਦਿ ਸਥਾਨਾਂ ਤੇ ਜਾਕੇ ਸਤਿਸੰਗ ਕੀਤੇ। ਆਪ ਪਹਿਲੀ ਉਦਾਸੀ ਦੌਰਾਨ ਨਾਗਪੁਰ, ਭਾਗਲਪੁਰ, ਬੀਜਾਪੁਰ, ਭੋਪਾਲ, ਅਜਮੇਰ, ਅਯੁਧਿਆ, ਹੈਦਰਾ-ਬਾਦ, ਬੰਬਈ, ਕਰਾਚੀ, ਚਿਤੌੜ, ਜਲਾਲਾਬਾਦ, ਸ਼੍ਰੀਨਗਰ, ਡਲਹੌਜੀ, ਗੋਰਖਪੁਰ ਆਦਿ ਸਥਾਨਾਂ ਤੇ ਗਏ। ਇਸ ਮੌਕੇ ਆਪ ਦਾ ਪੁੱਤਰ ਵਿਜੈ ਦਾਸ ਅਤੇ ਸਤਿਗੁਰੂ ਕਬੀਰ ਜੀ ਵੀ ਨਾਲ ਸਨ। ਦੂਜੀ ਉਦਾਸੀ ਦੌਰਾਨ ਆਪ ਗੋਰਖਪੁਰ, ਪ੍ਰਤਾ-ਪਗੜ, ਸ਼ਾਹਜਹਾਂਪੁਰ ਆਦਿ ਸਥਾਨਾਂ ਤੇ ਗਏ। ਤੀਜੀ ਉਦਾਸੀ ਦੌਰਾਨ ਆਪ ਹਿਮ-ਾਚਲ ਪ੍ਰਦੇਸ਼ ਦੇ ਵੱਖ ਵੱਖ ਸਥਾਨਾਂ ਤੇ ਗਏ। ਚੋਥੀ ਉਦਾਸੀ ਦੌਰਾਨ ਆਪ ਵੱਖ ਵੱਖ ਤੀਰਥ ਸਥਾਨਾਂ ਹਰਿਦੁਆਰ, ਗੋਦਾਵਰੀ, ਕੁਰਕੁਸ਼ੇਤਰ, ਤਰਿਵੈਣੀ ਆਦਿ ਸਥਾਨਾਂ ਤੇ ਗਏ। ਪੰਜਵੀ ਉਦਾਸੀ ਆਪ ਨੇ ਗਾਜੀਪੁਰ ਦੀ ਕੀਤੀ। ਛੇਵੀਂ ਉਦਾਸੀ ਆਪ ਨੇ ਪੰਜਾਬ ਦੀ ਕੀਤੀ।

ਆਪ ਲੁਧਿਆਣਾ ਹੁੰਦੇ ਹੋਏ ਪਿੰਡ ਚੱਕ ਹਕੀਮ ਪਹੁੰਚੇ, ਜਲੰਧਰ, ਸੁਲਤਾਨਪੁਰ ਲੋਧੀ, ਕਪੂਰਥਲਾ, ਖੁਰ-ਾਲਗੜ੍ਹ ਆਦਿ ਸਥਾਨਾਂ ਤੇ ਗਏ। ਇਤਿਹਾਸਕ ਧਰਮ ਅਸਥਾਨ ਖੁਰਾਲਗੜ੍ਹ (ਖੁਰਾਲੀ), ਤਹਿਸੀਲ ਗੜ੍ਹਸ਼ੰਕਰ, ਜ਼ਿਲਾ ਹੁਸ਼ਿਆਰਪੁਰ (ਪੰਜਾਬ) ਦੀ ਧਰਤੀ ਸ਼੍ਰੀ ਗੁਰੂ ਰਵਿਦਾਸ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ। ਇਤਿਹਾਸਕਾਰਾਂ ਅਨੁਸਾਰ ਸ਼੍ਰੀ ਗੁਰੂ ਰਵਿਦਾਸ ਜੀ ਸੀਰ ਗੋਵਰਧਨਪੁਰ ਬਨਾਰਸ (ਕਾਂਸ਼ੀ) ਯੂ. ਪੀ. ਤੋਂ ਪੈਦਲ ਲੁ-ਧਿਆਣਾ ਹੁੰਦੇ ਹੋਏ ਸਾਲ 1515 ਵਿੱਚ ਇਸ ਅਸਥਾਨ ਤੇ ਆਏ ਸਨ। ਇਸ ਅਸਥਾਨ ਤੇ ਪਹੁੰਚਣ ਸਮੇਂ ਉਨ੍ਹਾਂ ਦੀਆਂ ਸੇਵਕਾਵਾਂ ਮੀਰਾ ਬਾਈ, ਝਾਲਾਂ ਬਾਈ ਅਤੇ ਭਾਨਵਤੀ ਜੀ ਵੀ ਨਾਲ ਸਨ। ਆਪ ਇਸ ਸਥਾਨ ਤੇ 4 ਸਾਲ 2 ਮਹੀਨੇ 11 ਦਿਨ ਠਹਿਰੇ। ਇਸ ਸਮੇਂ ਉਹ ਖੁਦ ਪ੍ਰਭੂ ਦਾ ਨਾਮ ਸਿਮਰਨ ਕਰਦੇ, ਸੰਗਤਾਂ ਨੂੰ ਸੁਣ-ਾਉਂਦੇ ਅਤੇ ਜੀਵਾਂ ਨੂੰ ਨਾਮ ਸਿਮਰਨ ਦੀ ਬਖਸ਼ਿਸ਼ ਕਰਦੇ ਰਹੇ। ਬਹੁਤ ਸਾਰੇ ਪ੍ਰਾਣੀ ਆਪ ਦੇ ਸੇਵਕ ਬਣ ਗਏ। ਆਪ ਦੀ ਮਹਿਮਾ ਨੂੰ ਵਧਦਿਆਂ ਵੇਖ ਕੇ ਉਸ ਸਮੇਂ ਦਾ ਰਾਜਾ ਬੈਨ ਸਿੰਘ ਈਰਖਾ ਕਰਨ ਲੱਗ ਪਿਆ। ਰਾਜੇ ਨੇ ਆਪ ਨੂੰ ਖਰਾਸ (ਚੱਕੀ) ਚਲਾਉਣ ਦੀ ਸ਼ਜਾ ਦਿੱਤੀ। ਆਪ ਅੰਤਰ ਧਿਆਨ ਹੋ ਕੇ ਪ੍ਰਭੂ ਭਗਤੀ ਵਿਚ ਲੀਨ ਹੋ ਗਏ ਅਤੇ ਖਰਾਸ (ਚੱਕੀ) ਆਪਣੇ ਆਪ ਚੱਲਣ ਲੱਗ ਪਈ। ਇਸ ਚਮਤਕਾਰ ਨੂੰ ਵੇਖ ਕੇ ਸਭ ਹੈਰਾਨ ਹੋ ਗਏ। ਰਾਜਾ ਇਸ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਆਪ ਦੇ ਚਰਨੀਂ ਪੈ ਗਿਆ। ਇਸ ਤਰ੍ਹਾਂ ਉਸਨੇ ਆਪਣੀ ਭੁੱਲ ਬਖਸ਼ਾਈ। ਇਸ ਤੋਂ ਬਾਅਦ ਰਾਜਾ ਅਤੇ ਇਲਾਕੇ ਦੀ ਜਨਤਾ ਨੇ ਆਪ ਕੋਲ ਇਸ ਇਲਾਕੇ ਵਿੱਚ ਪਾਣੀ ਦੀ ਘਾਟ ਦੂਰ ਕਰਨ ਲਈ ਬੇਨਤੀ ਕੀਤੀ। ਆਪ ਸੰਗਤ ਨੂੰ ਨਾਲ ਲੈ ਕੇ ਇੱਥੋਂ ਲੱਗਭੱਗ 3 ਮੀਲ ਦੂਰ ਡੂੰਘੀ ਖੱਡ ਵਿਚ ਜਾ ਕੇ ਸੱਜੇ ਪੈਰ ਦੇ ਅੰਗੂਠੇ ਨਾਲ ਭਾਰੀ ਪੱਥਰ ਹਟਾ ਕੇ ਪਾਣੀ ਦਾ ਚਸ਼ਮਾ ਵਗਾ ਦਿੱਤਾ ਜਿਸ ਨੂੰ ਚਰਨ ਛੋਹ ਗੰਗਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇੱਥੇ ਪਵਿੱਤਰ ਜਲ 24 ਘੰਟੇ ਚਲਦਾ ਰਹਿੰਦਾ ਹੈ। ਇਸ ਜਲ ਦੀ ਖਾਸ ਗੱਲ ਇਹ ਹੈ ਕਿ ਇਹ ਸਿਰਫ 200 ਮੀਟਰ ਦੇ ਅੰਦਰ ਹੀ ਧਰਤੀ ਵਿਚੋਂ ਨਿਕਲਦਾ ਹੈ ਅਤੇ ਇਸੇ ਹੀ ਥਾਂ ਰਹਿ ਜਾਂਦਾ ਹੈ। ਇਸ ਦੇ ਦੁਆਲੇ ਦੇ ਖੇਤਰ ਵਿਚ ਧਰਤੀ ਵਿੱਚ ਪਾਣੀ ਬਹੁਤ ਜ਼ਿਆਦਾ ਡੂੰਘਾਈ ਵਿਚ ਮਿਲਦਾ ਹੈ। ਆਪ ਸਿੱਖ ਧਰਮ ਦੇ ਬਾਨੀ ਸ਼੍ਰੀ ਗੁਰੂ ਨਾਨਕ ਦੇਵ ਜੀ ਤੋਂ ਉਮਰ ਵਿੱਚ ਵੱਡੇ ਸਨ। ਵਿਦਵਾਨਾਂ ਅਨੁਸਾਰ ਉਨ੍ਹਾਂ ਦੀਆਂ ਆਪਸ ਵਿੱਚ ਤਿੰਨ ਮੁਲਾਕਾਤਾਂ ਹੋਈਆਂ ਪਹਿਲੀ ਗੋਸ਼ਟੀ ਚੂਹੜਖਾਨਾ (ਨਨਕ-ਾਣਾ ਸਾਹਿਬ) ਵਿਖੇ ਹੋਈ। ਗੁਰੂ ਰਵਿਦਾਸ ਜੀ, ਸੰਤ ਕਬੀਰ ਜੀ, ਸੰਤ ਸੇਨ ਜੀ, ਸੰਤ ਪੀਪਾ ਜੀ ਅਤੇ ਸੰਤ ਧੰਨਾ ਜੀ ਪੰਜਾਬ ਵਿੱਚ ਪ੍ਰਚਾਰ ਕਰ ਰਹੇ ਸਨ ਅਤੇ ਗੁਰੂ ਨਾਨਕ ਦੇਵ ਜੀ ਨੇ ਜਿਹੜੇ ਪੈਸੇ ਆਪਣੇ ਪਿਤਾ ਮਹਿਤਾ ਕਾਲੂ ਜੀ ਪਾਸੋਂ ਵਪਾਰ ਲਈ ਪ੍ਰਾਪਤ ਕੀਤੇ ਸਨ ਉਹ ਇਨ੍ਹਾਂ ਸੰਤਾਂ ਦੀ ਸੇਵਾ ਤੇ ਹੀ ਲਾਕੇ ਸੱਚਾ ਸੌਦਾ ਕੀਤਾ ਸੀ। ਦੂਜੀ ਮੁਲਾਕਾਤ ਅਤੇ ਗੋਸ਼ਟੀ ਸੁਲਤਾਨ-ਪੁਰ ਵਿੱਚ ਉਸ ਸਮੇਂ ਹੋਈ ਜਦੋਂ ਗੁਰੂ ਰਵਿਦਾਸ ਆਪਣੇ ਹੋਰ ਸੰਤ ਸਾਥੀਆਂ ਨਾਲ ਉੱਤਰੀ ਭਾਰਤ ਦਾ ਦੌਰਾ ਕਰਦੇ ਦੁਬਾਰਾ ਪੰਜਾਬ ਆਏ ਸਨ।

ਤੀਜੀ ਗੋਸ਼ਟੀ ਕਾਸ਼ੀ ਵਿੱਚ ਗੋਪਾਲਦਾਸ ਦੀ ਬਗੀਚੀ ਜਿੱਥੇ ਹੁਣ 'ਗੁਰੂ ਕਾ ਬਾਗ' ਗੁਰਦੁਆਰਾ ਹੈ ਵਿੱਚ ਹੋਈ। ਆਪ ਨੇ ਆਪਣੇ ਸੰਘਰਸ਼ਮਈ ਜੀਵਨ ਦੁਆਰਾ ਸੁੱਤੇ ਹੋਏ ਸਮਾਜ ਨੂੰ ਜਗਾਇਆ। ਉਸ ਸਮੇਂ ਦੇ ਕਈ ਰਾਜਿਆਂ ਨੇ ਆਪ ਨੂੰ ਆਪਣਾ ਰਾਜਗੁਰੂ ਬਣਾਇਆ ਉਨ੍ਹਾਂ ਵਿੱਚ ਰਾਣਾ ਕੁੰਭਾ, ਰਾਜਾ ਨਾਗਰਮਲ, ਰਾਜਾ ਪੀਪਾ, ਰਾਜਾ ਬਹਾਦਰ ਸ਼ਾਹ, ਰਾਜਾ ਸਿਕੰਦਰ ਲੋਧੀ, ਪੰਡਿਤ ਸ਼ਰਧਾ ਰਾਮ, ਰਾਜਾ ਬੈਨ ਸਿੰਘ, ਰਾਮ ਲਾਲ, ਰਾਜਾ ਚੰ-ਦਰਹਾਂਸ, ਪੰਡਿਤ ਗੰਗਾ ਰਾਮ, ਰਾਜਾ ਚੰਦਰ ਪ੍ਰਤਾਪ, ਰਾਉ ਦੂਦਾ, ਹਰਦੇਵ ਸਿੰਘ ਨਾਗਰ, ਵੀਰ ਸਿੰਘ ਬਘੇਲਾ, ਰਾਣਾ ਸਾਂਗਾ, ਬੀਬੀ ਭਾਨਮਤੀ, ਰਾਣੀ ਝਾਲੀ, ਮੀਰਾ ਬਾਈ ਆਦਿ ਪ੍ਰਸਿੱਧ ਹਨ। ਆਪ ਦੇ ਵਿਚਾਰਾਂ ਤੋਂ ਅਣਗਣਿਤ ਲੋਕ ਪ੍ਰਭਾਵਿਤ ਹੋਏ ਤੇ ਅਪਣੇ ਜੀਵਨ ਦਾ ਰਸਤਾ ਹੀ ਬਦਲ ਦਿੱਤਾ। ਬਾਬਰ ਜੋਕਿ ਮੁਗਲ ਸਮਰਾਜ ਦਾ ਪਹਿਲਾ ਸ਼ਾਸਕ ਸੀ ਅਤੇ 1526 ਵਿੱਚ ਪਾਨੀਪਤ ਦੀ ਲੜਾਈ ਜਿੱਤਕੇ ਦਿੱਲੀ ਤੇ ਕੱਬਜਾ ਕੀਤਾ ਸੀ ਗੁਰੂ ਜੀ ਦੇ ਅਧਿਆਤਮਕ ਵਿਚਾਰਾਂ ਤੋਂ ਬਹੁਤ ਹੀ ਪ੍ਰਭਾਵਿਤ ਹੋਇਆ। ਬਾਬਰ ਹਮਾਂਊ ਨਾਲ ਗੁਰੂ ਜੀ ਕੋਲ ਗਿਆ ਤਾਂ ਗੁਰੂ ਜੀ ਨੇ ਉਸ ਵਲੋਂ ਕੀਤੇ ਜਾ ਰਹੇ ਅੱਤਿਆਚਾਰਾਂ ਲਈ ਬਾਬਰ ਨੂੰ ਸਮਝਾਇਆ ਅਤੇ ਚੰਗੇ ਸਮਾਜਿਕ ਕਾਰਜ ਕਰਨ ਲਈ ਕਿਹਾ। ਬਾਬਰ ਗੁਰੂ ਜੀ ਤੋਂ ਪ੍ਰਭਾਵਿਤ ਹੋਇਆ। ਸੁਲਤਾਨ ਸਿਕੰਦਰ ਲੋਧੀ ਵੀ ਆਪ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋਇਆ ਅਤੇ ਆਪ ਨੂੰ ਦਿੱਲੀ ਦੇ ਤੁਗਲਕਾਬਾਦ ਵਿੱਚ ਜਗ੍ਹਾ ਦਿੱਤੀ। ਬੇਗਮਪੁਰਾ ਸ਼ਹਿਰ ਗੁਰੂ ਰਵਿਦਾਸ ਜੀ ਦੇ ਆਪਣੇ ਸ਼ਬਦਾਂ ਵਿੱਚ ਇਕ ਐਸਾ ਸਥਾਨ ਹੈ, ਜਿੱਥੇ ਮਾਨਵਤਾ ਦੀ ਪੂਰੀ ਸੁਤੰਤਰਤਾ ਹੈ।

ਬੇਗਮ ਪੁਰਾ ਸਹਰ ਕੋ ਨਾਉ।।
ਦੂਖੁ ਅੰਦੋਹੁ ਨਹੀਂ ਤਿਹਿ ਠਾਉ।।
ਨਾ ਤਸਵੀਸ ਖਿਰਾਜੁ ਨਾ ਮਾਲੁ।।
ਖਉਫੁ ਨ ਖਤਾ ਨ ਤਰਸੁ ਜਵਾਲੁ।।੧।।
ਅਬ ਮੋਹਿ ਖੂਬ ਵਤਨ ਗਹ ਪਾਈ।।
ਉਹਾਂ ਖੈਰਿ ਸਦਾ ਮੇਰੇ ਭਾਈ।। ਰਹਾਉ।।
ਕਾਇਮੁ ਦਾਇਮੁ ਸਦਾ ਪਾਤਿਸਾਹੀ।।
ਦੋਮ ਨ ਸੇਮ ਏਕ ਸੋ ਆਹੀ।।
ਆਬਾਦਾਨੁ ਸਦਾ ਮਸਹੂਰ।।
ਉਹਾਂ ਗਨੀ ਬਸਹਿ ਮਾਮੂਰ।।੨।।
ਤਿਉ ਤਿਉ ਸੈਲ ਕਰਹਿ ਜਿਉ ਭਾਵੈ।।
ਮਹਰਮ ਮਹਲ ਨ ਕੋ ਅਟਕਾਵੈ।।
ਕਹਿ ਰਵਿਦਾਸ ਖਲਾਸੁ ਚਮਾਰਾ।।
ਜੋ ਹਮ ਸਹਰੀ ਸੋ ਮੀਤੁ ਹਮਾਰਾ।।੩।।

ਆਪ ਨੇ ਹਰ ਪ੍ਰਕਾਰ ਦੀ ਗੁਲਾਮੀ ਦੀ ਨਿੰਦਾ ਕੀਤੀ ਅਤੇ ਡੱਟਵਾਂ ਵਿਰੋਧ ਕੀਤਾ:-

ਪਰਾਧੀਨਤਾ ਪਾਪ ਹੈ ਜਾਨ ਲੇਹੁ ਰੇ ਮੀਤ।
ਰਵਿਦਾਸ ਦਾਸ ਪ੍ਰਾਧੀਨ ਸੋਂ ਕੌਣ ਕਰੈ ਹੈ ਪ੍ਰੀਤ।
ਪ੍ਰਾਧੀਨ ਕੋ ਦੀਨ ਕਿਆ ਪਰਾਧੀਨ ਬੇਦੀਨ।
ਰਵਿਦਾਸ ਦਾਸ ਪਰਾਧੀਨ ਕੋ ਸਭਹੀ ਸਮਝੇ ਹੀਨ।
ਰਵਿਦਾਸ ਮਨੁੱਖ ਕਰਿ ਵਸਨ ਕੂੰ ਸੁਖਕਰ ਹੈਂ ਦੂਈ ਠਾਂਵ।
ਇੱਕ ਸੁੱਖ ਹੈ ਸਵਰਾਜ ਮਂਹਿ ਦੂਸਰ ਮਰਘਟ ਗਾਂਵ।

ਆਪਜੀ ਨੇ ਉਸ ਵੇਲੇ ਫੈਲੀ ਬ੍ਰਾਹ-ਮਣਵਾਦੀ ਪ੍ਰਥਾ ਜਿਸ ਵਿੱਚ ਇੱਕ ਬ੍ਰਾਹਮਣ ਨੂੰ ਸਭਤੋਂ ਵੱਧ ਪੂਜਨੀਕ ਅਤੇ ਸਨ-ਮਾਨਯੋਗ ਮੰਨਿਆ ਜਾਂਦਾ ਸੀ ਦਾ ਵੀ ਕਰੜ੍ਹਾ ਵਿਰੋਧ ਕੀਤਾ:

ਬ੍ਰਾਹਮਣ ਮਤ ਪੂਜੀਏ ਜੋ ਹੋਵੈ ਗੁਣਹੀਨ।।
ਪੂਜੀਏ ਚਰਣ ਚੰਡਾਲ ਕੇ ਜੋ ਹੋਵੈ ਗੁਣ ਪ੍ਰਵੀਨ।।



(ਬਾਕੀ ਸਫਾ 17 ਤੇ)

# ਹਰ ਬੂਥ ਨੂੰ ਜਤਾਉਣਾ ਹੈ ਗਠਬੰਧਨ ਦਾ ਰਾਜ ਲਿਆਉਣਾ ਹੈ:-ਮਾਇਆਵਤੀ

**(ਸਫਾ 1 ਦਾ ਬਾਕੀ)**

ਇਸ ਤੋਂ ਇਲਾਵਾ 10 ਲੱਖ ਰੁਪਏ ਦਾ ਸਿਹਤ ਬੀਮਾ ਕੀਤਾ ਜਾਵੇਗਾ ਅਤੇ ਹਰ ਮਹੀਨੇ 400 ਯੂਨਿਟ ਦੀ ਬਿੱਲ ਵਿੱਚ ਛੋਟ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਭੈਣ ਮਾਇਆਵਤੀ ਨਾਲ ਮਿਲ ਕਿ ਜੋ ਵੀ ਚੰਗੀਆ ਯੋਜਨਾਵਾ ਅੱਗੇ ਸੂਬੇ ਦੇ ਬਹੁਪੱਖੀ ਵਿਕਾਸ ਲਈ ਹੋਣਗੀਆ ਉਨ੍ਹਾਂ ਨੂੰ ਅਮਲ ਵਿੱਚ ਲਿਆਦਾ ਜਾਵੇਗਾ ਅਤੇ ਭਾਈਚਾਰਕ ਸਾਂਝ ਅਤੇ ਅਮਨ ਸ਼ਾਂਤੀ ਦੀ ਬਹਾਲੀ ਕੀਤੀ ਜਾਵੇਗੀ। ਉਨ੍ਹਾਂ ਕਾਂਗਰਸ ਤੇ ਟਿੱਪਣੀ ਕਰਦਿਆ ਕਿਹਾ ਕਿ ਕਾਂਗਰਸ ਨੇ ਝੂਠੀਆ ਸੁੰਹਾ ਖਾ ਕੇ ਸਰਕਾਰ ਬਣਾਈ ਹੈ ਜੋ ਝੂਠ ਦਾ ਇੱਕ ਪੁਲੰਦਾ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਬਹੁਜਨ ਸਮਾਜ ਪਾਰਟੀ ਦੇ ਵਰਕਰ ਪਿਛਲੇ 40 ਸਾਲ ਤੋਂ ਸੱਤਾ ਤੋਂ ਬਾਹਰ ਹੋਣ ਦੇ ਬਾਵਜੂਦ ਸਰਬ ਸਿਦਕ ਅਤੇ ਸਿਰੜ ਨਾਲ ਵਧ ਚੜ੍ਹ ਕੇ ਕੰਮ ਕਰ ਰਹੇ ਹਨ ਮੇਰਾ ਸਿਰ ਉਨ੍ਹਾਂ ਦੇ ਜਜਬੇ ਅੱਗੇ ਝੁਕਦਾ ਹੈ ਜੋ ਸਾਇਕਲ ਪੈਦਲ ਤੇ ਭੁੱਖੇ ਪਿਆਸੇ ਰਹਿ ਕੇ ਵੀ ਮਿਸ਼ਨ ਨਾਲ ਬੱਝੇ ਹੋਏ ਹਨ। ਇਸ ਮੌਕੇ ਬਸਪਾ ਯੂਨਿਟ ਪੰਜਾਬ ਵਲੋਂ ਭੈਣ ਮਾਇਆਵਤੀ ਨੂੰ ਬਸਪਾ ਦਾ ਚੋਣ ਨਿਸ਼ਾਨ ਹਾਥੀ ਅਤੇ ਸ. ਸੁਖਬੀਰ ਬਾਦਲ ਨੂੰ ਤੱਕੜੀ ਦੇ ਨਿਸ਼ਾਨ ਭੇਟ ਕੀਤੇ ਗਏ।ਇਸ ਮੌਕੇ ਸਟੇਜ ਦੀ ਸਮਾਪਤੀ ਤੋਂ ਪਹਿਲਾ ਆਪਣੇ ਸੰਬੋਧਨ ਚ ਸ. ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪਹਿਲਾ ਪੰਜਾਬ ਵਿੱਚ ਦੋਵੇ ਪਾਰਟੀਆ ਦਾ ਤੂਫਾਨ ਚਲ ਰਿਹਾ ਸੀ ਪਰ ਅੱਜ ਦੀ ਰੈਲੀ ਨੇ ਸੁਨਾਮੀ ਲਿਆ ਦਿੱਤੀ ਹੈ।

ਸਟੇਜ ਦੀ ਸਮੁੱਚੀ ਕਾਰਵਾਈ ਪਾਰਟੀ ਦੇ ਸੂਬਾ ਪ੍ਰਧਾਨ ਸ. ਜਸਬੀਰ ਸਿੰਘ ਗੜ੍ਹੀ, ਪੰਜਾਬ ਮਾਮਲਿਆ ਦੇ ਇੰਚਰਾਜ ਰਣਧੀਰ ਬੈਨੀਪਾਲ ਅਤੇ ਵਿਪੁੱਲ ਕੁਮਾਰ ਕਰ ਰਹੇ ਸਨ। ਸਟੇਜ ਤੇ ਨੀਲੇ ਹੀ ਨੀਲੇ ਝੰਡੇ ਨਜਰ ਆ ਰਹੇ ਸਨ ਅਤੇ ਪੰਡਾਲ ਵਿੱਚ ਨੀਲੇ ਪੀਲੇ ਝੰਡਿਆ ਦਾ ਹੜ੍ਹ ਆਇਆ ਹੋਇਆ ਸੀ।ਮਿਸ਼ਨਰੀ ਕਲਾਕਾਰ, ਵਰਕਰਾ ਦਾ ਹੋਸਲਾ ਵਧ-ਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ ਸਨ। ਇੱਕ ਸਟੇਜ ਤੇ ਦੋਵਾ ਪਾਰਟੀਆ ਦੇ ਉਮੀਦਵਾਰ ਅਤੇ ਇੱਕ ਸਟੇਜ ਤੇ ਬਹੁਜਨ ਸਮਾਜ ਪਾਰਟੀ ਦੇ ਪ੍ਰਮੁੱਖ ਆਗੂ ਸ਼ਸ਼ੋਬਤ ਸਨ। ਇਸ ਮੰਚ ਤੋਂ ਸ.ਕੁਲਦੀਪ ਸਿੰਘ ਸਰਦੂਲਗੜ੍ਹ ਜਨਰਲ ਸਕੱਤਰ ਪੰਜਾਬ ਬਤੌਰ ਸਟੇਜ ਸੈਕਟਰੀ ਆਪਣੀਆ ਬਖੂਬੀ ਸੇਵਾਵਾ ਨਿਭਾ ਰਹੇ ਸਨ। ਇਸ ਪ੍ਰੋਗਰਾਮ ਦੀ ਵਿਸ਼ੇਸ਼ਤਾ ਇਹ ਰਹੀ ਕਿ ਭੈਣ ਕੁਮ-ਾਰੀ ਮਾਇਆਵਤੀ ਇਸ ਪ੍ਰੋਗਰਾਮ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਨਜਰ ਆਈ ਅਤੇ ਪੰਜਾਬ ਵਿੱਚ ਪਹਿਲੀ ਵਾਰ ਖੁੱਲ ਕਿ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਸਮਾਗਮ ਦੇ ਉਪਰੰਤ ਵੀ ਉਨ੍ਹਾਂ ਸੁਖਬੀਰ ਬਾਦਲ, ਜਸਵੀਰ ਸਿੰਘ ਗੜ੍ਹੀ ਅਤੇ ਹੋਰ ਦੋਵੇ ਪਾਰਟੀਆ ਦੇ ਆਗੂਆ ਨਾਲ ਬੈਠਕ ਕੀਤੀ, ਵਿਚਾਰ ਜਾਣੇ ਅਤੇ ਜਿੱਤ ਲਈ ਹਰ ਵਰਕਰ, ਸਮਰਥਕ ਲੀਡਰ ਨੂੰ ਦਿਸ਼ਾ ਨਿਰਦੇਸ਼ ਦੇ ਕੇ ਪੰਜਾਬ ਵਾਸੀਆ ਦੇ ਦਿਲ ਲੁੱਟ ਲਿਆ। ਇਸ ਮੌਕੇ ਵਰਕਰਾ ਨੇ ਕਿਹਾ ਕਿ ਉਨ੍ਹਾਂ ਨੇ ਫੈਸਲਾ ਕਰ ਲਿਆ ਹੈ ਕਿ ਸੱਤਾ ਪਰਵਰਤਨ ਲਈ ਹਰ ਬੂਥ ਨੂੰ ਜਿਤਾਉਣਾ ਹੈ ਅਤੇ ਸ. ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਅਤੇ ਬਹੁਜਨ ਸਮਾਜ ਪਾਰਟੀ ਦਾ ਉੱਪ ਮੁੱਖ ਮੰਤਰੀ ਬਣਾ ਕਿ ਪੰਜਾਬ ਵਿੱਚ ਲੋਕ ਭਲਾਈ ਸਕੀਮਾ ਨੂੰ ਤੁਰੰਤ ਲਾਗੂ ਕਰਾਉਣਾ ਹੈ।

ਇਸ ਚੋਣ ਰੈਲੀ ਨੂੰ ਕਰਵੇਜ ਕਰਨ ਲਈ ਅਦਾਰਾ ਅੰਬੇਦਕਰ ਟਾਇਮਜ ਅਤੇ ਦੇਸ਼ ਦੁਆਬਾ ਦੀ ਯੂ ਟਿਊਬ ਟੀਮ ਨੇ ਰੈਲੀ ਦਾ ਹਰ ਪਲ ਕਰਵੇਜ ਕੀਤਾ।ਇਸ ਵਿਸ਼ਾਲ, ਗਠਬੰਧਨ ਦੀ ਪਹਿਲੀ ਰੈਲੀ ਨੇ ਦੁਆਬਾ ਹੀ ਨਹੀਂ ਸਗੋਂ ਪੰਜਾਬ ਦੀ ਫਿਜਾ ਨੂੰ ਪੂਰੀ ਤਰ੍ਹਾ ਪ੍ਰਭਾਵਿਤ ਕੀਤਾ ਲਗਦਾ ਹੈ।

ਦੋਵੇ ਪਾਰਟੀਆ ਦੇ ਪ੍ਰਮੁੱਖ ਨੇਤਾਵਾ ਵਿੱਚ ਸਾਹਿਬ ਕਾਂਸ਼ੀ ਰਾਮ ਦੀ ਛੋਟੀ ਭੈਣ ਕੁਲਵੰਤ ਕੌਰ, ਜਰਨੈਲ ਸਿੰਘ ਵਾਹਦ, ਸਰਬਜੀਤ ਸਿੰਘ ਜਾ-ਫਰਪੁਰ, ਪ੍ਰਵੀਨ ਬੰਗਾ, ਲਾਲ ਸਿੰਘ ਸੁਲਹਾਨੀ, ਐਡਵੋਕੇਟ ਬਲਵਿੰਦਰ ਸਿੰਘ, ਡਾ. ਸੁਖਵਿੰਦਰ ਕੁਮਾਰ ਸੁੱਖੀ, ਡਾ. ਨਛੱਤਰ ਪਾਲ, ਗੁਰਲਾਲ ਸੈਲਾ, ਚੌਧਰੀ ਗੁਰਨਾਮ ਸਿੰਘ, ਰਮੇਸ਼ ਕੌਲ ਫਗਵਾੜਾ, ਸ. ਬੁੱਧ ਸਿੰਘ ਬਲਾਕੀਪੁਰ, ਸੋਹਣ ਲਾਲ ਢੰਡਾ, ਵਿਜੈ ਗੁਣਾਚੌਰ, ਭਗਵਾਨ ਸਿੰਘ ਚੋਹਾਨ, ਬਲਵਿੰਦਰ ਬਿੱਟਾ ਲੁਧਿਆਣਾ, ਪ੍ਰਭਦਿਆਲ ਰਾਮ-ਪੁਰ ਆਦਿ ਸੈਕੜੇ ਪ੍ਰਮੁੱਖ ਅਹੁੱਦੇਦਾਰ ਭਾਰੀ ਗਿਣਤੀ ਵਿੱਚ ਵਰਕਰਾ ਸਮੇਤ ਹਾਜਰ ਸਨ।

**(ਸਬੰਧਤ ਤਸਵੀਰਾਂ ਦੇਖੋ ਸਫ਼ਾ 19 ਤੇ)**

# 16 ਫਰਵਰੀ, 2022 ਨੂੰ ਸ਼੍ਰੀ ਗੁਰੂ ਰਵਿਦਾਸ ਜੀ ਦੇ ਪ੍ਰਗਟ ਉਤਸਵ ਸਬੰਧੀ ਵਿਸ਼ੇਸ਼

**(ਸਫਾ 16 ਦਾ ਬਾਕੀ)**

ਆਪ ਨੇ ਅੰਧਵਿਸਵਾਸ ਦਾ ਵੀ ਡਟਕੇ ਵਿਰੋਧ ਕੀਤਾ ਹੈ ਅਤੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ:-

ਜਹਾਂ ਅੰਧ ਵਿਸ਼ਵਾਸ ਹੈ, ਸਚਿ ਪਰਖ ਤਹਿ ਨਾਹੀ।
ਰਵਿਦਾਸ ਸਚਿ ਸੋਈ ਜਾਨਿ, ਜੋ ਅਨੁਭਵ ਹੋਵਿ ਮਨ ਮਾਹ।

ਆਪ ਨੇ ਇਸ ਸੰਸਾਰ ਦੀ ਤੁਲਨਾ ਕਸੁੰਭੇ ਦੇ ਫੁੱਲ ਨਾਲ ਕੀਤੀ ਅਤੇ ਕਿਹਾ ਹੈ:-

ਜੈਸਾ ਰੰਗ ਕਸੁੰਭ ਕਾ ਤੈਸਾ ਇਹੁ ਸੰਸ-ਾਰੁ।।
ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ।।

ਆਪ ਨੇ ਸਭ ਨੂੰ ਮਿਲਕੇ ਇਕੱਠੇ ਰਹਿਣ ਲਈ ਕਿਹਾ ਹੈ:-

ਸਤ ਸੰਗਤਿ ਮਿਲਿ ਰਹੀਐ ਮਾਧਉ, ਜੈਸੇ ਮਧੁਪ ਮਖੀਰਾ।।

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਰਾਮ ਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਕਈ ਭੱਟਾਂ ਅਤੇ ਭਗਤਾਂ ਨੇ ਵੀ ਗੁਰੂ ਰਵਿਦਾਸ ਜੀ ਦੀ ਉਪਮਾ ਕੀਤੀ ਹੈ। ਆਪ ਜੀ ਦੇ ਅੰਤਿਮ ਸਮੇਂ ਬਾਰੇ ਕੋਈ ਠੋਸ ਪ੍ਰਮਾਣਿਕ ਜਾਣਕਾਰੀ ਨਹੀਂ ਮਿਲਦੀ ਹੈ। ਬਹੁਤੇ ਇਤਿਹਾਸਕਾਰਾਂ ਅਨੁਸਾਰ ਆਪ 151 ਸਾਲ ਦੀ ਆਯੂ ਭੋਗਕੇ 1528 ਇਸਵੀ ਨੂੰ ਜੋਤੀ ਜੋਤ ਸਮਾ ਗਏ। ਚਿਤੌੜਗੜ੍ਹ ਵਿੱਚ ਮੀਰਾਂ ਬਾਈ ਦੇ ਮੰਦਿਰ ਦੇ ਬਾਹਰ ਬਣੀ ਛੱਤਰੀ ਹੇਠਾਂ ਆਪਜੀ ਦੇ ਚਰਨ ਕਮਲਾਂ ਦੇ ਨਿਸ਼ਾਨ ਮੌਜੂਦ ਹਨ। ਵੱਖ ਵੱਖ ਸਰਕਾਰਾਂ ਅਤੇ ਰਾਜਨੀਤਿਕ ਪਾਰਟੀਆਂ ਦੇ ਆਗੂ ਵਾਰਾਨਸੀ ਵਿੱਚ ਸ਼੍ਰੀ ਗੁਰੂ ਰਵਿਦਾਸ ਜੀ ਦੇ ਪ੍ਰਗਟ ਉਤਸਵ ਤੇ ਪਹੁੰਚਦੇ ਹਨ। ਸਰਕਾਰ ਵਲੋਂ ਸਮੇਂ ਸਮੇਂ ਤੇ ਵਾਰਾਨਸੀ ਵਿੱਚ ਸ਼੍ਰੀ ਗੁਰੂ ਰਵਿਦਾਸ ਜੀ ਦੀ ਯਾਦ ਵਿੱਚ ਪ੍ਰੋਜੈਕਟ ਬਣਾਏ ਗਏ ਹਨ। ਆਲ ਇੰਡੀਆ ਆਦਿ ਧਰਮ ਸਮਾਜ ਵਲੋਂ ਸ਼੍ਰੀ ਗੁਰੂ ਰਵਿਦਾਸ ਜੀ ਨਾਲ ਜੁੜ੍ਹੇ ਧਾਰਮਿਕ ਸਥਾਨਾਂ ਦੀ ਖੋਜ ਕੀਤੀ ਜਾ ਰਹੀ ਹੈ। ਪੰਜਾਬ ਸਰਕਾਰ ਵਲੋਂ ਸ਼੍ਰੀ ਗੁਰੂ ਰਵਿਦਾਸ ਦੀ ਚਰਨ ਛੋਹ ਪ੍ਰਾਪਤ ਧਰਤੀ ਪਿੰਡ ਖੁਰਾਲੀ ਦਾ ਨਾਮ ਸ਼੍ਰੀ ਖੁਰਾਲਗੜ੍ਹ ਸਾਹਿਬ ਰੱਖਿਆ ਗਿਆ ਹੈ ਅਤੇ ਯਾਦਗਾਰ ਸਥਾਪਿਤ ਕਰਨ ਲਈ 110 ਕਰੋੜ ਦਾ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ ਜਿਸ ਵਿੱਚ 151 ਫੁੱਟ ਉੱਚਾ ਮਿਨਾਰ ਏ ਬੇਗਮਪੁਰਾ ਬਣਾਇਆ ਜਾਵੇਗਾ ਜਿਸਨੂੰ ਜੂਨ 2021 ਤੱਕ ਮੁਕੰਮਲ ਕਰਨ ਦਾ ਟੀਚਾ ਰੱਖਿਆ ਗਿਆ ਸੀ ਜੋਕਿ ਅਜੇ ਤੱਕ ਵੀ ਪੂਰਾ ਨਹੀਂ ਹੋ ਸਕਿਆ ਹੈ। ਪੰਜਾਬ ਦੇ ਮੁੱਖ ਮੰਤਰੀ ਸਮੇਤ ਸਰਕਾਰ ਦੇ ਕਈ ਮੰਤਰੀ ਅਤੇ ਅਧਿਕਾਰੀ ਇਸ ਸਥਾਨ ਤੇ ਕਈ ਵਾਰ ਆਏ ਅਤੇ ਇਸ ਇਲਾਕੇ ਦੇ ਵਿਕਾਸ ਲਈ ਕਈ ਘੋਸ਼ਣਾਵਾਂ ਕੀਤੀਆਂ ਪਰ ਬਹੁਤੀਆਂ ਘੋਸ਼ਣਾਵਾਂ ਕਾਗਜਾਂ ਵਿੱਚ ਹੀ ਰਹਿ ਗਈਆਂ ਹਨ ਅਤੇ ਇਹ ਇਤਿਹਸਕ ਸਥਾਨ ਅਜੇ ਵੀ ਵਿਕਾਸ ਤੋਂ ਬਾਂਝਾ ਰਹਿ ਗਿਆ ਹੈ। ਦੇਸ਼ ਦੀ ਰਾਜਧਾਨੀ ਦਿੱਲੀ ਦੇ ਤੁਗਲਕਾਬਾਦ ਵਿੱਚ ਬਣੇ ਸ਼੍ਰੀ ਗੁਰੂ ਰਵਿਦਾਸ ਦੇ ਇਤਿਹਾਸਿਕ ਮੰਦਿਰ ਨੂੰ ਸਰਕਾਰ ਵਲੋਂ ਢਾਹਿਆ ਗਿਆ ਹੈ ਅਤੇ ਜਦੋਂ ਦੇਸ਼ ਵਿਦੇਸ਼ ਦੇ ਲੋਕਾਂ ਨੇ ਇਸ ਸਬੰਧੀ ਰੋਸ ਪ੍ਰਦਰਸ਼ਨ ਕੀਤਾ ਤਾਂ ਸਰਕਾਰ ਨੇ 2019 ਵਿੱਚ 400 ਵਰਗ ਮੀਟਰ ਜਗ੍ਹਾ ਅਲਾਟ ਕੀਤੀ ਸੀ। ਹੁਣ ਦਿੱਲੀ ਡਿਵੈਲਪਮੈਂਟ ਅਥਾਰਟੀ ਵਲੋਂ ਮਿਤੀ 27 ਅਕਤੂਬਰ 2021 ਨੂੰ ਭੇਜੇ ਗਏ ਇੱਕ ਪੱਤਰ ਅਨੁਸਾਰ ਇਸ ਜਗ੍ਹਾ ਦੀ 30 ਸਾਲ ਲਈ ਲੀਜ ਦੇ 43366765/- ਰੁਪਏ ਦੀ ਮੰਗ ਕੀਤੀ ਹੈ ਜਿਸਨੂੰ ਲੈਕੇ ਲੋਕਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ। ਇਸ ਸਾਲ ਪੰਜਾਬ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਲਈ ਪਹਿਲਾਂ 14 ਫਰਵਰੀ ਦਾ ਦਿਨ ਰੱਖਿਆ ਗਿਆ ਸੀ ਪਰ ਸ਼੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਉਤਸਵ ਜੋਕਿ 16 ਫਰਵਰੀ ਨੂੰ ਹੈ ਨੂੰ ਵੇਖਦੇ ਹੋਏ ਚੋਣਾਂ ਦੀ ਮਿਤੀ 20 ਫਰਵਰੀ ਰੱਖੀ ਗਈ ਹੈ। ਸ਼੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਉਤਸਵ ਭਾਰਤ ਸਮੇਤ ਹੋਰ ਕਈ ਦੇਸ਼ਾਂ ਵਿੱਚ ਸ਼ਰਧਾਪੂਰਵਕ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਗੁਰੂ ਰਵਿਦਾਸ ਜੀ ਦੇ ਜਨਮ ਸਥਾਨ ਬਨਾਰਸ ਵਿੱਚ ਸੰਗਤ ਵੱਡੀ ਗਿਣਤੀ ਵਿੱਚ ਪਹੁੰ-ਚਦੀ ਹੈ ਅਤੇ ਇਸ ਲਈ ਪੰਜਾਬ ਦੇ ਜਲੰਧਰ ਤੋਂ ਵਿਸ਼ੇਸ਼ ਰੇਲਗੱਡੀ ਬਨਾਰਸ ਜਾਂਦੀ ਹੈ। ਗੁਰੂ ਰਵਿਦਾਸ ਜੀ ਦਾ ਜਨਮ ਉਤਸੱਵ ਮਨਾਉਣ ਦਾ ਅਸਲੀ ਮੰਤਵ ਪੂਰਾ ਕਰਨ ਲਈ ਸਾਨੂੰ ਉਨ੍ਹਾਂ ਵਲੋਂ ਦਿ-ੱਤੀਆਂ ਸਿੱਖਿਆਵਾਂ ਨੂੰ ਅਪਣਾਕੇ ਸਮਾਜ ਵਿੱਚੋਂ ਪਖੰਡਵਾਦ ਨੂੰ ਦੂਰ ਕਰਕੇ ਦੁਨੀਆਂ ਵਿੱਚ ਬਰਾਬਰਤਾ ਵਾਲਾ ਸਮਾਜ ਉਸ-ਾਰਨਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਵਲੋਂ ਦਰਸਾਏ ਬੇਗਮਪੁਰਾ ਦਾ ਸੁਪਨਾ ਪੂਰਾ ਹੋ ਸਕੇ।

**ਨੇੜੇ ਸਰਕਾਰੀ ਪ੍ਰਾਇਮਰੀ ਸਕੂਲ ਦੋਭੇਟਾ**
**ਤਹਿਸੀਲ ਨੰਗਲ ਜਿਲ੍ਹਾ ਰੂਪਨਗਰ ਪੰਜਾਬ**
9417563054



## ਸੱਚ ਦਾ ਗੀਤ

ਧਰਤੀ ਦੀ ਅੱਖ ਜਦ ਰੋਈ ਸੀ
ਤੂੰ ਸੱਚ ਦਾ ਦੀਵਾ ਬਾਲ ਦਿੱਤਾ
ਪਾਇਆ 'ਨੇਰ ਪਾਖੰਡੀਆਂ ਸੀ ਏਥੇ
ਤੂੰ ਤਰਕ ਦਾ ਰਾਹ ਸੀ ਭਾਲ਼ ਦਿੱਤਾ
ਤੇਰੀ ਬੇਗਮਪੁਰਾ ਹੀ ਮੰਜ਼ਲਿ ਸੀ
ਤਾਹੀਉਂ ਉਸਤਤ ਕਰੇ ਜਹਾਨ ਸਾਰਾ
ਤੇਰੀ ਬਾਣੀ ਨੂੰ ਜਿਸ ਲੜ ਬੰਨ੍ਹਿਆਂ
'ਨ੍ਹੇਰੇ ਦਾ ਕੱਟ ਜੰਜਾਲ ਦਿੱਤਾ
ਜੱਗ ਵਿੱਚ ਆਇਆ ਜਦੋਂ ਸੱਚ ਦਾ ਪੁਜਾਰੀ
ਉਦੋਂ ਝੂਠ ਨੂੰ ਤਾਂ ਫਿਕਰ ਪਿਆ
ਇੱਕੋ ਨੂਰ, ਇੱਕੋ ਰੂਪ ਸਭ ਦੀ ਹੈ ਤੰਦ ਸਾਂਝੀ
ਵੱਖੋ ਵੱਖ ਕੀਹਨੇ ਐ ਕਿਹਾ
ਚਾਨਣੇ ਦੀ ਲੀਕ ਜਦੋਂ ਜੱਗ ਵਿੱਚ ਖਿਲਰੀ ਤਾਂ
'ਨ੍ਹੇਰਾ ਉਦੋਂ ਤਿੜਕ ਗਿਆ
ਕਿਰਤਾਂ ਦੇ ਸੱਚੇ-ਸੁੱਚੇ ਥੜ੍ਹੇ ਉੱਤੇ ਬਹਿ ਕੇ
ਆਪ ਅਕਲਾਂ ਨੂੰ ਰਿੜਕ ਗਿਆ
ਜੱਗ ਵਿੱਚ ਆਇਆ ਜਦੋਂ ..........
ਧਰਮਾਂ ਦਾ ਨਾਂ ਲੈਂਦੇ ਕੰਮ ਨੇ ਕਸਾਈਆਂ ਵਾਲੇ
ਬੁੱਤ, ਬੰਦਿਆਂ ਦੇ ਵਿੱਚੋਂ ਹੋਰ ਨੇ
ਪੱਖਪਾਤ, ਜਾਤਪਾਤ ਵਾਲਾ ਜੋ ਨੇ ਰੌਲ਼ਾ ਪਾਉਂਦੇ
ਕੰਮ ਮੰਦੇ ਉੱਚੀ ਪਾਉਂਦੇ ਸ਼ੋਰ ਨੇ
ਮਾਸ ਵਾਲੇ ਲੋਥੜੇ ਹਾਂ ਇੱਕੋ ਲਹੂ ਨਾੜਾਂ ਵਿੱਚ
ਵੰਡੀਆਂ ਜੋ ਪਾਉਂਦੇ ਉਹੋ ਚੋਰ ਨੇ
ਜਿੰਦ-ਜਾਨ ਜਿਹੜੀ ਐ ਮਨੁੱਖਤਾ ਦੇ ਲੇਖੇ ਲੱਗੇ
ਉੱਚੇ ਥੜ੍ਹੇ ਖੜ੍ਹ ਕੇ ਕਿਹਾ
ਜੱਗ ਵਿੱਚ ਆਇਆ ਜਦੋਂ ........
ਕੌਣ ਕਰੇ ਫੈਸਲਾ ਇਹ ਕੌਣ ਛੋਟਾ, ਕੌਣ ਵੱਡਾ
ਸ਼ਕਲਾਂ ਦੇ ਪੱਖੋਂ ਸਭ ਇਕ ਨੇ
ਹਰ ਕਿਸੇ ਮਨ ਵਿੱਚ ਪਿਆਰ ਦੀ ਚਿਣਗ ਲਾਉਣੀ
ਫੇਰ ਹੋਣੇ ਸਭ ਇੱਕ ਮਿੱਕ ਨੇ
ਕਦੇ ਵੀ ਨਾ ਰਾਗ ਦੂਜ-ਤੀਜ ਵਾਲਾ ਗਾਉਣ ਦੇਣਾ
ਏਦਾਂ ਹੀ ਤਾਂ ਪੈਂਦੇ ਸਾਰੇ ਫਿੱਕ ਨੇ
ਜੱਗ ਵਿੱਚ ਦੇ ਕੇ ਹੋਕਾ ਤੂੰ ਬਰਾਬਰੀ ਦਾ
ਸਾਰਿਆਂ ਨੂੰ ਬਾਹਾਂ 'ਚ ਲਿਆ
ਜੱਗ ਵਿੱਚ ਆਇਆ ਜਦੋਂ ........
ਅੰਧਕਾਰ ਸਮਿਆਂ 'ਚ ਹੌਸਲੇ ਦਾ ਰੂਪ ਸੀ ਤੂੰ
ਪੂਰਾ ਅਖਵਾਇਆ ਵਿੱਚ ਜੱਗ ਦੇ
ਸਾਰੀਆਂ ਸੁਗੰਧੀਆਂ ਨੂੰ ਹਵਾ ਵਿੱਚ ਘੋਲ ਦਿੱਤਾ
ਬੇਗਮਪੁਰੇ ਵਾਲੇ ਉੱਚੇ ਸੁਰ ਬੱਜਦੇ
ਬੰਦੇ ਤੋਂ ਬੰਦੇ ਨਾਲ ਵਿਤਕਰਾ ਨਾ ਹੋਵੇ ਕੋਈ
ਰਹਿਣ ਇਹੋ ਨਾਅਰੇ ਸਦਾ ਗੱਜਦੇ
ਛੱਡ ਬੁੱਤ ਪੂਜਣੇ ਤੂੰ ਝੂਠੇ ਧਰਵਾਸ ਇਹੋ
ਕੀ ਐ ਧਰਵਾਸਾਂ 'ਚ ਪਿਆ
ਜੱਗ ਵਿੱਚ ਆਇਆ ਜਦੋਂ ਸੱਚ ਦਾ ਪੁਜਾਰੀ
ਉਦੋਂ ਝੂਠ ਨੂੰ ਤਾਂ ਫਿਕਰ ਪਿਆ।



**ਕੇਹਰ ਸ਼ਰੀਫ਼**
+49 173 3546050

## ਵੱਡੀ ਸਰਕਾਰ ਦੇ ਸ਼ਿਕਾਰੀ ?

ਨੀਲਾ ਚਿੱਟਾ ਭਗਵਾਂ ਜਾਂ ਭਾਵੇਂ ਕੋਈ ਹਰਾ ਹੋਵੇ
ਰਾਜ-ਭਾਗ ਸਾਂਭ ਕੋਈ ਨਾ ਛੱਡਦਾ ਗਰੀਡੀਆਂ।
ਜਾਤ-ਪਾਤ ਮਜ਼੍ਹਬਾਂ ਦੇ ਪਾਉਂਦੇ ਨੇ ਬਖੇੜੇ ਆਪ
ਆਮ ਨਾਗਰਿਕਾਂ ਦੀਆਂ ਵਹਿੰਦੀਆਂ ਬਲੀਡੀਆਂ।
ਆਗੂਆਂ ਦੇ ਸਾਲ਼ੇ ਤੇ ਭਤੀਜੇ ਖਾਂਦੇ ਭਾਣਜੇ ਵੀ
ਅਫਸਰਸ਼ਾਹੀ ਦੇ ਨਾਲ ਸਾਂਝਾਂ ਪਾ ਕੇ ਪੀਢੀਆਂ।
ਸੱਤਾਧਾਰੀ ਹੁੰਦਿਆਂ ਤਾਂ ਲੁੱਟਦੇ ਨੇ ਦੋਹੀਂ ਹੱਥੀਂ
ਗੱਦੀ ਖੁੱਸੇ 'ਦੂਜੇ' ਦੀਆਂ ਪੁੱਟਦੇ ਨੇ ਮੀਢੀਆਂ।
ਸਿੱਧੇ ਕਰਨੇ ਲਈ ਕਦੇ 'ਵਿੰਗੇ' ਹੋਏ ਸਾਥੀਆਂ ਨੂੰ
ਹੁੰਦੀਆਂ ਬਣਾਈਆਂ ਚੋਰੀਂ 'ਫੋਟੋਆਂ ਤੇ ਸੀਡੀਆਂ'।
ਐੱਮਐੱਲਏ,ਸੀਐੱਮ ਤੇ ਡਰਾਉਣੇ ਪ੍ਰਧਾਨ ਹੋਣ
'ਵੱਡੀ ਸਰਕਾਰ' ਕੋਲ਼ੇ 'ਸੀਬੀਆਂ ਤੇ ਈਡੀਆਂ' !

**-ਤਰਲੋਚਨ ਸਿੰਘ 'ਦੁਪਾਲ ਪੁਰ'**

001-408-915-1268



## ਆਈਆਂ ਨੇ ਵੋਟਾਂ

ਪਾਇਓ ਵੋਟ ਵੇਖ ਨੇਤਾ ਦਾ ਕਰਿਦਾਰ ਸਾਥੀਓ ।
ਆਈਆਂ ਨੇ ਵੋਟਾਂ ਕਰ ਲਓ ਵਚਿਾਰ ਸਾਥੀਓ ।
ਬਠਿਾ ਨਾ ਦਓਿ ਗੱਦੀ ਚੋਰ ਤੇ ਮਕਾਰ ਸਾਥੀਓ ।
ਆਈਆਂ ਨੇ ਵੋਟਾਂ ਕਰ ਲਓ ਵਚਿਾਰ ਸਾਥੀਓ ।

ਵਹਿਲੜ ਖਾ ਗਏ ਨੇ ਮੇਹਨਤੀ ਦਾ ਹੱਕ ਉਏ,
ਆਨੇ-ਬਹਾਨੇ ਦਤਿੇ ਸੱਚੇ ਜੇਲ੍ਹਾਂ 'ਚ ਡੱਕ ਉਏ ।
ਨਾ ਕਰੋ ਝੂਠੇ ਵਾਦਆਿਂ ਤੇ ਇਤਬਾਰ ਸਾਥੀਓ,
ਆਈਆਂ ਨੇ ਵੋਟਾਂ ਕਰ ਲਓ ਵਚਿਾਰ ਸਾਥੀਓ ।

ਖੋਹੇ ਰੋਜ਼ਗਾਰ ਵਹਿਲੀ ਫਰਿਦੀ ਜੁਆਨੀ ਉਏ,
ਨਸ਼ਆਿ ਦੀ ਬੱਲੀ ਹੋਈ ਪੜਿ ੨ ਕਹਾਣੀ ਉਏ ।
ਮਾਫ਼ੀਏ ਨਾ ਬਣਾ ਲੈਣ ਫਰਿ ਸਰਕਾਰ ਸਾਥੀਓ,
ਆਈਆਂ ਨੇ ਵੋਟਾਂ ਕਰ ਲਓ ਵਚਿਾਰ ਸਾਥੀਓ ।

ਸੱਖਿਆ,ਸੇਹਤ ਸਹੂਲਤਾਂ ਤੋ ਵਾਂਝੇ ਨੇ ਲੋਕ ਹੋਏ,
ਲਾਹੁਣੇ ਪੈਣੇ ਦਰਦਿੇ ਜੋ ਵਾਂਗ ਚੁੰਬੜੇ ਜੋਕ ਉਏ।
ਜੋ ਹਤਿੈ ਰੱਖੇ ਜਾਲਮਾਂ ਦਾ,ਦਓਿ ਨਕਾਰ ਸਾਥੀਓ,
ਆਈਆਂ ਨੇ ਵੋਟਾਂ ਕਰ ਲਓ ਵਚਿਾਰ ਸਾਥੀਓ ।

ਸੱਚ ਖ਼ਾਤਰਿ ਸਭ ਨੂੰ ਹੋਣਾ ਪੈਣਾ ਇਕਜੁੱਟ ਉਏ,
ਕਰਿਤ,ਮੇਹਨਤ ਦੀ ਫਰਿ ਹੀ ਰੁਕਣੀ ਲੁੱਟ ਉਏ ।
ਚੱਲਦੀ ਰੱਖਓਿ ਸੱਚ,ਝੂਠ ਦੀ ਤਕਰਾਰ ਸਾਥੀਓ,
ਆਈਆਂ ਨੇ ਵੋਟਾਂ ਕਰ ਲਓ ਵਚਿਾਰ ਸਾਥੀਓ ।-

**( ਰਬਦਿਰ ਸ਼ਰਮਾ)**



## ਵੋਟ ਮੈਂ ਕਿਹਨੂੰ ਪਾਵਾਂ

ਆਈਆ ਵੋਟਾਂ ਮੈਂ ਸੋਚੀ ਜਾਵਾਂ,
ਦੱਸੋ ਵੋਟ ਮੈਂ ਕਿਹਨੂੰ ਪਾਵਾਂ ?
ਇਕ ਚੋਰ ਤੇ ਦੂਜਾ ਡਾਕੂ,
ਤੀਜਾ ਮਾਫੀਆ ਚੋਥਾ ਸੜਾਪੂ ।
ਮਨੋ ਮਨ ਪਿਆ ਘਬਰਾਵਾਂ,
ਦੱਸੋ ਵੋਟ ਮੈਂ ਕਿਹਨੂੰ ਪਾਵਾਂ ?

ਇਕ ਦਾ ਕਿਰਦਾਰ ਹੈ ਭੈੜਾ,
ਦੂਜਾ ਬੇਈਮਾਨ ਮਕਾਰ ਹੈ ਭੈੜਾ ।
ਤੀਜਾ ਲੁੱਚਿਆਂ ਦਾ ਸਰਦਾਰ ਹੈ ਭੈੜਾ,
ਚੋਥਾ ਬੇਸ਼ਰਮ,ਭਰਿਆ ਹੰਕਾਰ ਹੈ ਭੈੜਾ ।
ਨਾ ਮੈ ਇਨ੍ਹਾਂ ਦੀ ਪਰਖ ਲੁਕਾਵਾਂ,
ਦੱਸੋ ਵੋਟ ਮੈਂ ਕਿਹਨੂੰ ਪਾਵਾਂ ?

ਇਕ ਤਾਂ ਜੇਲ ਹੈ ਕੱਟ ਕੇ ਆਇਆ,
ਦੂਜੇ ਨਾਰੀ ਇਜ਼ਤ ਹੱਥ ਪਾਇਆ ।
ਤੀਜੇ ਲੁੱਟਿਆ ਬੈਂਕ ਸਰਮਾਇਆ,
ਚੋਥਾ ਸ਼ਰਾਬ ਭੱਠੀਆਂ 'ਚ' ਫੜਾਇਆ ।
ਸਭ ਕੁਝ ਦੱਸਦਾ ਵੀ ਸ਼ਰਮਾਵਾਂ,
ਦੱਸੋ ਵੋਟ ਮੈਂ ਕਿਹਨੂੰ ਪਾਵਾਂ ?

ਇਕ ਨਾ ਕਦੇ ਸਕੂਲੇ ਵੜਿਆ,
ਦੂਜਾ ਪੜਦਾ ਵਿਚ ਹੀ ਅੜਿਆ ।
ਤੀਜਾ ਪੜਿਆ ਪਰ ਸਿਰ ਸੜਿਆ,
ਚੋਥਾ ਪੜਿਆ,ਹੇਰਾ ਫੇਰੀ 'ਚ' ਫੜਿਆ ।
ਨਾ ਕੋਈ ਉਸਤਦ ਕਹਿ ਸੁਣਾਵਾਂ,
ਦੱਸੋ ਵੋਟ ਮੈਂ ਕਿਹਨੂੰ ਪਾਵਾਂ ?

ਇਕ ਦੱਸਦਾ ਮੈਂ ਸੇਵਾਦਾਰ ਹਾਂ,
ਦੂਜਾ ਦੱਸਦਾ ਮੈਂ ਠੇਕੇਦਾਰ ਹਾਂ ।
ਤੀਜਾ ਦੱਸਦਾ ਮੈਂ ਪੈਰੋਕਾਰ ਹਾਂ,
ਚੋਥਾ ਦੱਸਦਾ ਮੈਂ ਥਾਣੇਦਾਰ ਹਾਂ ।
ਹੋਈ ਜੋ ਲੁੱਟ ਕਿਹਦੇ ਜ਼ੁੰਮੇ ਲਾਵਾਂ,
ਦੱਸੋ ਵੋਟ ਮੈਂ ਕਿਹਨੂੰ ਪਾਵਾਂ ?

**(ਰਬਿੰਦਰ ਸ਼ਰਮਾਂ)**

# ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਦੀ ਹੋਈ ਸਰਵਸੰਤੀ ਨਾਲ਼ ਚੋਣ

ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਦੀ ਇਕੱਤਰਤਾ ਸਭਾ ਦੇ ਪ੍ਰਧਾਨ ਮਦਨ ਵੀਰਾ ਦੀ ਪ੍ਰਧਾਨਗੀ ਹੇਠ ਹੋਈ।ਨਵੇਂ ਵਰ੍ਹੇ ਦੀ ਪਲੇਠੀ ਮੀਟਿੰਗ ਤੇ ਸਭ ਨੂੰ ਮੁਬਾਰਕਬਾਦ ਦਿੰਦਿਆਂ ਡਾ. ਜਸਵੰਤ ਰਾਏ ਨੇ ਪਿਛਲੇ ਤਿੰਨ ਵਰ੍ਹੇ ਦੀਆਂ ਸਭਾ ਦੀਆਂ ਗਤੀ-ਵਿਧੀਆਂ ਦੀ ਰਿਪੋਰਟ ਪੇਸ਼ ਕੀਤੀ।ਮੈਂਬਰਸ਼ਿਪ ਨਵਿਆਉਣ ਮਗਰੋਂ ਸਰਵਸੰਮਤੀ ਨਾਲ਼ ਸਭਾ ਦੇ ਮੈਂਬਰਾਂ ਦੀ ਚੋਣ ਕੀਤੀ ਗਈ।ਨਵੇਂ ਪੈਨਲ 'ਚ ਡਾ. ਕਰਮਜੀਤ ਸਿੰਘ, ਡਾ. ਮਨ-ਮੋਹਨ ਸਿੰਘ ਤੀਰ, ਕੁਲਤਾਰ ਸਿੰਘ ਕੁਲਤਾਰ, ਜਸਬੀਰ ਸਿੰਘ ਧੀਮਾਨ, ਜਰਨੈਲ ਸਿੰਘ ਕਨੇਡਾ ਨੂੰ ਸਭਾ ਦੇ ਸਰਪ੍ਰਸਤ, ਮਦਨ ਵੀਰਾ ਨੂੰ ਪ੍ਰਧਾਨ, ਡਾ. ਜਸਵੰਤ ਰਾਏ ਨੂੰ ਜਨਰਲ ਸਕੱਤਰ, ਤ੍ਰਿਪਤਾ ਕੇ. ਸਿੰਘ ਅਤੇ ਸੁਰਿੰਦਰ ਕੰਗਵੀ ਨੂੰ ਮੀਤ ਪ੍ਰਧਾਨ, ਸਤੀਸ਼ ਕੁਮਾਰ ਨੂੰ ਵਿੱਤ ਸਕੱਤਰ, ਪ੍ਰਿੰਸੀਪਲ ਸਤਵੰਤ ਕਲੋਟੀ ਨੂੰ ਸਕੱਤਰ, ਡਾ. ਰਵਿੰਦਰ ਕੌਰ ਅਤੇ ਪਰਵੀਨ ਵਿਰਦੀ ਨੂੰ ਸਹਾਇਕ ਸਕੱਤਰ, ਪ੍ਰਬੰਧਕੀ ਬੋਰਡ ਵਿੱਚ ਦਰਸ਼ਨ ਸਿੰਘ ਦਰਸ਼ਨ, ਡਾ. ਅਵਤਾਰ ਸਿੰਘ ਓਠੀ, ਡਾ. ਸੁਖਦੇਵ ਸਿੰਘ ਢਿੱਲੋਂ, ਡਾ. ਸਰਦੂਲ ਸਿੰਘ, ਡਾ. ਸ਼ਮਸ਼ੇਰ ਮੋਹੀ, ਕਾਰਜਕਾਰੀ ਮੈਂਬਰਾਂ 'ਚ ਡਾ. ਪਰਮਜੀਤ ਕੌਰ, ਗੁਰਬਚਨ ਕੌਰ, ਮਨਜੀਤ ਕੌਰ, ਸੋਮਦੱਤ ਦਿਲਗੀਰ, ਦਵਿੰਦਰ ਕੌਰ, ਅਮਨਗੀਤ ਸਿੰਘ, ਦਾਸ ਭਾਰਤੀ, ਗੁਰਦਿਆਲ ਸਿੰਘ ਗਗਨੌਲੀ, ਲਖਵਿੰਦਰ ਰਾਮ, ਕੁਲਵਿੰਦਰ ਕੌਰ ਰੂਹਾਨੀ, ਹਰਵਿੰਦਰ ਸਾਹਬੀ, ਸੀਤਾ ਰਾਮ ਬਾਂਸਲ, ਰਾਜ ਕੁਮਾਰ ਘਾਸੀਪੁਰੀਆ, ਸੁਰਿੰਦਰ ਸੱਲ੍ਹਣ ਨੂੰ ਸ਼ਾਮਿਲ ਕੀਤਾ ਗਿਆ।



ਸਾਹਿਤ ਸਭਾ ਵਲੋਂ ਗੁਰਬਖ਼ਸ਼ ਜੱਸ ਅਤੇ ਲਤਾ ਮੰਗੇਸ਼ਵਰ ਦੇ ਅਚਨਚੇਤ ਚਲਾਣੇ ਕਾਰਨ ਸਾਹਿਤ ਅਤੇ ਸੰਗੀਤ ਦੇ ਖੇਤਰ ਵਿੱਚ ਉਨ੍ਹਾਂ ਵਲੋਂ ਪਾਏ ਅਣ-ਮੁਲੇ ਯੋਗਦਾਨ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਅਰਪਿਤ ਕੀਤੀ ਗਈ। 17 ਫਰਵਰੀ ਨੂੰ ਸਾਹਿਤ ਅਕਾਦਮੀ ਚੰਡੀਗੜ੍ਹ ਦੇ ਸਹਿਯੋਗ ਨਾਲ਼ ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਵਲੋਂ ਜੋਗਿੰਦਰ ਬਾਹਰਲੇ ਅਤੇ ਬਲਰਾਜ ਸਾਹਨੀ ਹੁਰਾਂ ਦੀ ਸਾਹਿਤਕ ਘਾਲਣਾ ਤੇ ਕਰਵਾਏ ਜਾ ਰਹੇ ਪ੍ਰੋਗ੍ਰਾਮ ਦੀ ਰੂਪ-ਰੇਖਾ ਮਦਨ ਵੀਰਾ ਹੁਰਾਂ ਨੇ ਸਾਂਝੀ ਕੀਤੀ ਜਿਸ ਦੀ ਸਾਹਿਤ ਸਭਾ ਦੇ ਮੈਂਬਰਾਂ ਵਲੋਂ ਸਮਰਥਨ ਦੀ ਹਾਮੀ ਭਰੀ ਗਈ। ਇਸ ਸਮੇਂ ਸਾਹਿਤ ਸਭਾ ਦੇ ਮੈਂਬਰਾਂ ਵਲੋਂ ਆਪਣੀਆਂ ਰਚਨਾਵਾਂ ਨਾਲ਼ ਭਰਵੀ ਹਾਜ਼ਰੀ ਲਗਵਾਈ ਗਈ।ਪ੍ਰਧਾਨਗੀ ਸ਼ਬਦ ਮਦਨ ਵੀਰਾ ਤੇ ਸੀਤਾ ਰਾਮ ਬਾਂਸਲ ਨੇ ਆਖੇ।ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਬਾਖ਼ੂਬੀ ਨਿਭਾਈ।

**ਰਿਪੋਰਟ: ਡਾ. ਜਸਵੰਤ ਤਾਏ**

# ਹਰ ਬੂਥ ਨੂੰ ਜਤਾਉਣਾ ਹੈ ਗਠਬੰਧਨ ਦਾ ਰਾਜ ਲਿਆਉਣਾ ਹੈ:-ਮਾਇਆਵਤੀ






















# SKY TRANSPORT SOLUTIONS

**STRIVE FOR MORE**

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

**PLEASE CONTACT US FOR MORE INFORMATION**

**PHONE: 209-855-6938, FAX: 209-762-6540**

Email: skytransportsolution@gmail.com

Give us a chance to provide you best services

**121 E 11th St. Tracy, CA 95376**



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop